Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6



ਕੈਨੇਡੀਅਨ
# ਪੰਜਾਬੀ ਪੋਸਟ

Award winning newspaper | Canadian Punjabi Post

Vol 19*Issue 182 | Tuesday, September 22, 2020 | Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper | THE ONLY DAILY PUNJABI NEWSPAPER | ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ



JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON


## ਵਾਈਟ ਹਾਊਸ ਨੂੰ ਜ਼ਹਿਰੀਲੇ ਪਦਾਰਥ ਵਾਲਾ ਪੱਤਰ ਭੇਜਣ ਵਾਲੀ ਕਿਊਬਿਕ ਦੀ ਮਹਿਲਾ ਗ੍ਰਿਫਤਾਰ




ਕਿਊਬਿਕ, 21 ਸਤੰਬਰ (ਪੋਸਟ ਬਿਊਰੋ): ਵਾਈਟ ਹਾਊਸ ਨੂੰ ਭੇਜੇ ਗਏ ਇੱਕ ਪੱਤਰ, ਜਿਸ ਵਿੱਚ ਜ਼ਹਿਰੀਲਾ ਪਦਾਰਥ ਰਾਈਜ਼ਨ ਪਾਇਆ ਗਿਆ, ਦੇ ਸਬੰਧ ਵਿੱਚ ਆਰਸੀਐਮਪੀ ਵੱਲੋਂ ਮਾਂਟਰੀਅਲ ਵਿੱਚ ਕੀਤੀ ਗਈ ਜਾਂਚ ਤੋਂ ਸਾਹਮਣੇ ਆਇਆ ਕਿ ਇਹ ਪੱਤਰ ਕਿਸੇ ਮਹਿਲਾ ਵੱਲੋਂ ਭੇਜਿਆ ਗਿਆ ਸੀ।
ਇਹ ਪੱਤਰ ਰਾਸ਼ਟਰਪਤੀ ਡੌਨਲਡ ਟਰੰਪ ਨੂੰ ਭੇਜਿਆ ਗਿਆ ਸੀ।
ਪ੍ਰਾਪਤ ਜਾਣਕਾਰੀ ਅਨੁਸਾਰ ਇਸ ਮਾਮਲੇ ਵਿੱਚ ਗ੍ਰਿਫਤਾਰ ਕੀਤੀ ਗਈ ਮਹਿਲਾ ਕਿਊਬਿਕ ਤੋਂ ਹੈ। ਬਫਲੋ ਨੇੜੇ ਬਾਰਡਰ ਕਰੌਸਿੰਗ ਤੋਂ ਗ੍ਰਿਫਤਾਰ ਕੀਤੀ ਗਈ ਇਸ ਮਹਿਲਾ ਦੀ ਪਛਾਣ ਪਾਸਕਲ ਸੈਸਿਲ ਵਰਨਿਕ ਫੈਰੀਅਰ ਵਜੋਂ ਹੋਈ ਹੈ। ਮਾਂਟਰੀਅਲ ਦੇ ਦੱਖਣ ਵੱਲ ਸਥਿਤ ਸਬਅਰਬ ਸੇਂਟ ਹਿਊਬਰਟ ਦੀ ਇੱਕ ਰਿਹਾਇਸ਼ੀ ਇਮਾਰਤ ਵਿੱਚ ਆਰਸੀਐਮਪੀ ਵੱਲੋਂ ਜਾਂਚ ਕੀਤੀ ਗਈ।
ਆਰਸੀਐਮਪੀ ਦੇ ਕਾਰਪੋਰਲ ਚਾਰਲਸ ਪੌਇਰੀਅਰ ਨੇ ਦੱਸਿਆ ਕਿ ਗ੍ਰਿਫਤਾਰ ਮਹਿਲਾ ਨਾਲ ਸਬੰਧਤ ਘਰ ਦੀ ਤਲਾਸ਼ੀ ਲਈ ਕੈਮੀਕਲ, ਬਾਇਓਲਾਜੀਕਲ, ਰੇਡੀਓਲਾਜੀਕਲ, ਨਿਊਕਲੀਅਰ ਤੇ ਧਮਾਕਾਖੇਜ਼ ਸਮੱਗਰੀ ਦੀ ਜਾਂਚ ਕਰਨ ਵਾਲੀਆਂ ਟੀਮਾਂ ਵੀ ਇਸ ਆਪਰੇਸ਼ਨ ਵਿੱਚ ਸ਼ਾਮਲ ਸਨ।
ਪੁਲਿਸ ਨੇ ਦੱਸਿਆ ਕਿ ਇਸ ਤਰ੍ਹਾਂ ਦੇ ਪੈਕੇਜ ਵਾਈਟ ਹਾਊਸ ਤੇ ਟੈਕਸਸ ਦੀਆਂ ਹੋਰਨਾਂ ਥਾਂਵਾਂ ਉੱਤੇ ਭੇਜੇ ਗਏ। ਫੈਰੀਅਰ ਉੱਤੇ ਹੁਣ ਅਮਰੀਕਾ ਵਿੱਚ ਫੈਡਰਲ ਚਾਰਜਿਜ਼ ਲਾਏ ਜਾਣਗੇ।

## ਸੀ ਆਈ ਐਫ ਵੱਲੋਂ ਹਰਿਮੰਦਰ ਸਾਹਿਬ ਦੀ ਲੰਗਰ ਸੇਵਾ ਲਈ 21000 ਡਾਲਰ ਦੇਣ ਦਾ ਐਲਾਨ

ਟੋਰਾਂਟੋ, 21 ਸਤੰਬਰ (ਪੋਸਟ ਬਿਊਰੋ) : ਕੈਨੇਡਾ ਇੰਡੀਆ ਫਾਊਂਡੇਸ਼ਨ (ਸੀ ਆਈ ਐਫ) ਵੱਲੋਂ ਅੰਮ੍ਰਿਤਸਰ ਦੀ ਗੋਲਡਨ ਟੈਂਪਲ ਮੈਨੇਜਮੈਂਟ ਵੱਲੋਂ ਚਲਾਏ ਜਾਣ ਵਾਲੇ ਗੁਰੂ ਕਾ ਲੰਗਰ ਲਈ 21,000 ਡਾਲਰ ਦਾਨ ਕਰਨ ਦਾ ਐਲਾਨ ਕੀਤਾ ਗਿਆ ਹੈ।
ਲੰਗਰ ਲਈ ਦਾਨ ਕਰਨਾ ਜਾਂ ਲੰਗਰ ਦੀ ਸੇਵਾ ਕਰਨਾ ਸਿੱਖਾਂ ਲਈ ਧਾਰਮਿਕ ਫਰਜ਼ ਮੰਨਿਆ ਜਾਂਦਾ ਹੈ। ਸੱਭ ਤੋਂ ਪਹਿਲਾਂ ਲੰਗਰ ਦੀ ਪਿਰਤ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਵੱਲੋਂ ਪਾਈ ਗਈ ਸੀ। ਫਿਰ ਤੀਜੇ ਗੁਰੂ ਸ੍ਰੀ ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਸਾਹਿਬ ਵਿਖੇ ਗਰੀਬਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਇਸ ਪਿਰਤ ਨੂੰ ਅੱਗੇ ਤੋਰਿਆ। ਅੱਜ ਸ੍ਰੀ ਹਰਿਮੰਦਰ ਸਾਹਿਬ (ਗੋਲਡਨ ਟੈਂਪਲ) ਵਿਖੇ ਵਰਤਾਇਆ ਜਾਣ ਵਾਲਾ ਲੰਗਰ ਦੁਨੀਆ ਭਰ ਵਿੱਚ ਸੱਭ ਤੋਂ ਵੱਡਾ ਪਰਉਪਕਾਰੀ ਵਰਤਾਰਾ ਹੈ। ਰੋਜ਼ਾਨਾ ਲੱਗਭਗ 100,000 ਲੋਕ ਹਰਿਮੰਦਰ ਸਾਹਿਬ ਵਿਖੇ ਲੰਗਰ ਛਕਦੇ ਹਨ ਤੇ ਵੀਕੈਂਡਜ਼ ਦੇ ਨਾਲ ਨਾਲ ਖਾਸ ਦਿਹਾੜਿਆਂ ਉੱਤੇ ਇਹ ਗਿਣਤੀ ਕਾਫੀ ਵੱਧ ਜਾਂਦੀ ਹੈ। ਦੁਨੀਆ ਭਰ ਤੋਂ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਆਏ ਲੋਕ, ਭਾਵੇਂ ਉਹ ਕਿਸੇ ਵੀ ਧਰਮ ਨਾਲ ਸਬੰਧਤ ਹੋਣ, ਲੰਗਰ ਵਿੱਚ ਆਪਣਾ ਯੋਗਦਾਨ ਪਾਉਂਦੇ ਹਨ।
ਇਸ ਫੈਸਲੇ ਬਾਰੇ ਗੱਲ ਕਰਦਿਆਂ ਸੀ ਆਈ ਐਫ ਦੇ ਚੇਅਰ ਸਤੀਸ਼ ਠੱਕਰ ਨੇ ਆਖਿਆ ਕਿ ਸਾਨੂੰ ਇਹ ਜਾਣ ਕੇ ਬਹੁਤ ਖੁਸ਼ੀ ਹੋਈ ਕਿ ਦੁਨੀਆ ਭਰ ਦੇ ਕਿਸੇ ਵੀ ਕੋਨੇ ਤੋਂ ਲੋਕ ਹੁਣ ਹਰਿਮੰਦਰ ਸਾਹਿਬ ਲੰਗਰ ਫੰਡ ਵਿੱਚ ਸਿੱਧੇ ਤੌਰ ਉੱਤੇ ਦਾਨ ਦੇ ਸਕਦੇ ਹਨ। ਸੀ ਆਈ ਐਫ ਨੇ ਇਹ ਫੈਸਲਾ ਕੀਤਾ ਕਿ ਅਜਿਹਾ ਕਰਨ ਵਾਲਿਆਂ ਵਿੱਚ ਸੱਭ ਤੋਂ ਪਹਿਲਾ ਨੰਬਰ ਸਾਡਾ ਹੋਵੇਗਾ। ਉਨ੍ਹਾਂ ਆਖਿਆ ਕਿ ਵਿਦੇਸ਼ਾਂ ਵਿੱਚ ਰਹਿਣ ਵਾਲੇ ਭਾਰਤੀ ਲੰਮੇਂ ਸਮੇਂ ਤੋਂ ਮੰਗ ਕਰ ਰਹੇ ਸਨ ਕਿ ਹਰਿਮੰਦਰ ਸਾਹਿਬ ਲਈ ਲੰਗਰ ਵਾਸਤੇ ਸਿੱਧੇ ਤੌਰ ਉੱਤੇ ਦਾਨ ਦੇਣ ਦੀ ਇਜਾਜ਼ਤ ਦਿੱਤੀ ਜਾਵੇ, ਤੇ ਹੁਣ ਇਹ ਇਜਾਜ਼ਤ ਸਾਨੂੰ ਮਿਲ ਗਈ ਹੈ।
ਸੀ ਆਈ ਐਫ ਦੇ ਨੈਸ਼ਨਲ ਕਨਵੀਨਰ ਰਿਤੇਸ਼ ਮਲਿਕ, ਸੀ ਆਈ ਐਫ ਦੇ ਬਾਨੀ ਮੈਂਬਰਾਂ ਵਿੱਚੋਂ ਇੱਕ ਭੁਪਿੰਦਰ ਸਿੰਘ ਖਾਲਸਾ, ਸੀ ਆਈ ਐਫ ਦੇ ਬੋਰਡ ਆਫ ਗਵਰਨਰਜ਼ ਦੇ ਮੈਂਬਰ ਰਮਨੀਕ ਸਿੰਘ ਖੁਰਾਣਾ ਵੱਲੋਂ ਇਸ ਫੈਸਲੇ ਦਾ ਸਵਾਗਤ ਕੀਤਾ ਗਿਆ ਹੈ।

## 24 ਅਕਤੂਬਰ ਨੂੰ ਬੀਸੀ ਵਿੱਚ ਹੋਣਗੀਆਂ ਅਚਨਚੇਤੀ ਚੋਣਾਂ



ਵਿਕਟੋਰੀਆ, 21 ਸਤੰਬਰ (ਪੋਸਟ ਬਿਊਰੋ) : ਐਨਡੀਪੀ ਵੱਲੋਂ ਪ੍ਰੋਵਿੰਸ ਵਿੱਚ ਕਾਇਮ ਕੀਤੀ ਗਈ ਘੱਟ ਗਿਣਤੀ ਸਰਕਾਰ ਦੇ ਤਿੰਨ ਸਾਲ ਪੂਰੇ ਹੋਣ ਤੋਂ ਬਾਅਦ ਬ੍ਰਿਟਿਸ਼ ਕੋਲੰਬੀਅਨਜ਼ ਨੂੰ ਇੱਕ ਵਾਰੀ ਫਿਰ ਅਗਲੇ ਮਹੀਨੇ ਅਚਨਚੇਤੀ ਚੋਣਾਂ ਦਾ ਸਾਹਮਣਾ ਕਰਨਾ ਹੋਵੇਗਾ।
ਪ੍ਰੀਮੀਅਰ ਜੌਹਨ ਹੌਰਗਨ ਨੇ ਸੋਮਵਾਰ ਨੂੰ ਨਿਊਜ਼ ਕਾਨਫਰੰਸ ਵਿੱਚ 24 ਅਕਤੂਬਰ ਨੂੰ ਚੋਣਾਂ ਕਰਵਾਉਣ ਦਾ ਐਲਾਨ ਕੀਤਾ। ਇਸ ਤੋਂ ਪਹਿਲਾਂ ਉਨ੍ਹਾਂ ਲੈਫਟੀਨੈਂਟ ਗਵਰਨਰ ਨਾਲ ਮੁਲਾਕਾਤ ਕਰਕੇ ਵਿਧਾਨਸਭਾ ਭੰਗ ਕਰਨ ਦੀ ਮੰਗ ਕੀਤੀ। ਆਪਣੇ ਲੈਂਗਫੋਰਡ ਸਥਿਤ ਘਰ ਦੇ ਬਾਹਰੋਂ ਗੱਲ ਕਰਦਿਆਂ ਹੌਰਗਨ ਨੇ ਆਖਿਆ ਕਿ ਉਨ੍ਹਾਂ ਲਈ ਇਹ ਫੈਸਲਾ ਸੌਖਾ ਨਹੀਂ ਸੀ।
ਹਾਲਾਂਕਿ ਬੀਸੀ ਵਿੱਚ ਆਮ ਚੋਣਾਂ ਅਕਤੂਬਰ 2021 ਵਿੱਚ ਕਰਵਾਈਆਂ ਜਾਣੀਆਂ ਨਿਰਧਾਰਤ ਸਨ ਪਰ ਪ੍ਰੀਮੀਅਰ ਨੇ ਆਖਿਆ ਕਿ 12 ਮਹੀਨੇ ਹੋਰ ਇੰਤਜ਼ਾਰ ਕਰਨ ਨਾਲ ਕੋਵਿਡ-19 ਮਹਾਂਮਾਰੀ ਨਾਲ ਨਜਿੱਠਣ ਦੀਆਂ ਸਰਕਾਰ ਦੀਆਂ ਕੋਸ਼ਿਸ਼ਾਂ ਨੂੰ ਨੁਕਸਾਨ ਪਹੁੰਚ ਸਕਦਾ ਸੀ। ਮਹਾਂਮਾਰੀ ਦੌਰਾਨ ਹੌਰਗਨ ਦੀ ਲੋਕਪ੍ਰਿਅਤਾ ਵੋਟਰਾਂ ਵਿੱਚ ਕਾਫੀ ਵਧੀ ਹੈ। ਕਿਸੇ ਵੀ ਕੈਨੇਡੀਅਨ ਪ੍ਰੀਮੀਅਰ ਨਾਲੋਂ ਹੌਰਗਨ ਨੂੰ ਵਧੇਰੇ ਪਸੰਦੀਦਾ ਪ੍ਰੀਮੀਅਰ ਦਾ ਦਰਜਾ ਹਾਸਲ ਹੋਇਆ ਹੈ।
ਇਸ ਦੌਰਾਨ ਬੀਸੀ ਦੇ ਲਿਬਰਲ ਆਗੂ ਐਂਡਰਿਊ ਵਿਲਕਿੰਸਨ ਨੇ ਆਖਿਆ ਕਿ ਪ੍ਰੀਮੀਅਰ ਵੱਲੋਂ ਚੋਣਾਂ ਕਰਵਾਏ ਜਾਣ ਦਾ ਫੈਸਲਾ ਲੋਕਾਂ ਨਾਲੋਂ ਸਿਆਸਤ ਨੂੰ ਤਰਜੀਹ ਦੇਣ ਵਾਲਾ ਹੈ। ਸਾਡੇ ਕੋਲ ਅਜਿਹੀ ਸਰਕਾਰ ਹੈ ਜਿਹੜੀ ਇਸ ਤਰ੍ਹਾਂ ਦੀ ਮਹਾਂਮਾਰੀ ਦਰਮਿਆਨ ਸਾਨੂੰ ਚੋਣਾਂ ਵਿੱਚ ਧੱਕ ਰਹੀ ਹੈ।

## ਬ੍ਰਿਟਿਸ਼ ਕੋਲੰਬੀਆ ਵਿੱਚ ਜਲਦ ਚੋਣਾਂ ਕਰਵਾਉਣ ਦਾ ਐਲਾਨ ਕਰ ਸਕਦੇ ਹਨ ਹੌਰਗਨ



ਬ੍ਰਿਟਿਸ਼ ਕੋਲੰਬੀਆ, 21 ਸਤੰਬਰ (ਪੋਸਟ ਬਿਊਰੋ) : ਬੀਸੀ ਦੀ ਸੱਤਾਧਾਰੀ ਐਨਡੀਪੀ ਨੇ ਐਲਾਨ ਕੀਤਾ ਹੈ ਕਿ ਪ੍ਰੀਮੀਅਰ ਜੌਹਨ ਹੌਰਗਨ ਲੈਫਟੀਨੈਂਟ ਗਵਰਨਰ ਜੈਨੇਟ ਆਸਟਿਨ ਨਾਲ ਮੁਲਾਕਾਤ ਕਰਨ ਤੋਂ ਬਾਅਦ ਪ੍ਰੈੱਸ ਕਾਨਫਰੰਸ ਕਰਨਗੇ। ਇਹ ਮੰਨਿਆ ਜਾ ਰਿਹਾ ਹੈ ਕਿ ਹੌਰਗਨ ਜਲਦ ਚੋਣਾਂ ਕਰਵਾਉਣ ਦਾ ਐਲਾਨ ਕਰ ਸਕਦੇ ਹਨ।
ਇਲੈਕਸ਼ਨਜ਼ ਬੀਸੀ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਜੇ ਅੱਜ ਚੋਣਾਂ ਦਾ ਐਲਾਨ ਕੀਤਾ ਜਾਂਦਾ ਹੈ ਤਾਂ 24 ਅਕਤੂਬਰ ਨੂੰ ਚੋਣਾਂ ਹੋ ਸਕਦੀਆਂ ਹਨ। ਇਹ ਕਿਆਫੇ ਲਾਏ ਜਾ ਰਹੇ ਸਨ ਕਿ ਤਿੰਨ ਸਾਲ ਸੱਤਾ ਵਿੱਚ ਰਹਿਣ ਤੋਂ ਬਾਅਦ ਹੌਰਗਨ ਵੱਲੋਂ ਚੋਣਾਂ ਦਾ ਐਲਾਨ ਕੀਤਾ ਜਾ ਸਕਦਾ ਹੈ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਪਿਛਲੇ ਸੱਤ ਦਿਨਾਂ ਦੇ ਅੰਦਰ ਹੀ ਛੇ ਕੈਬਨਿਟ ਮੰਤਰੀਆਂ ਵੱਲੋਂ ਆਪਣੀ ਰਿਟਾਇਰਮੈਂਟ ਦਾ ਐਲਾਨ ਕੀਤੇ ਜਾਣ ਤੋਂ ਬਾਅਦ ਇਸ ਤਰ੍ਹਾਂ ਦੀ ਵੱਡੀ ਹਲਚਲ ਦੀਆਂ ਕਨਸੋਆਂ ਸਨ।
ਇਸ ਸਮੇਂ ਐਨਡੀਪੀ ਕੋਲ ਵਿਧਾਨਸਭਾ ਵਿੱਚ 41 ਸੀਟਾਂ ਹਨ ਅਤੇ ਐਨੀਆਂ ਹੀ ਸੀਟਾਂ ਬੀਸੀ ਦੀ ਵਿਰੋਧੀ ਲਿਬਰਲ ਪਾਰਟੀ ਕੋਲ ਵੀ ਹਨ ਜਦਕਿ ਗ੍ਰੀਨ ਪਾਰਟੀ ਕੋਲ ਸਿਰਫ ਦੋ ਸੀਟਾਂ ਹਨ।

## ਟੋਰਾਂਟੋ ਵਿੱਚ ਸਿਟੀ ਵਰਕਰ ਪਾਇਆ ਗਿਆ ਕੋਵਿਡ-19 ਪਾਜ਼ੀਟਿਵ

ਟੋਰਾਂਟੋ, 21 ਸਤੰਬਰ (ਪੋਸਟ ਬਿਊਰੋ) : ਸਿਟੀ ਦੇ ਪਾਰਕਸ ਤੇ ਰੀਕ੍ਰੀਏਸ਼ਨ ਡਿਪਾਰਟਮੈਂਟ ਦਾ ਵਰਕਰ ਕੋਵਿਡ-19 ਪਾਜ਼ੀਟਿਵ ਪਾਇਆ ਗਿਆ ਹੈ।
ਪ੍ਰਾਪਤ ਜਾਣਕਾਰੀ ਅਨੁਸਾਰ ਜੇਨ ਐਂਡ ਵਿਲਸਨ ਨੇੜੇ ਫਾਲਸਟਾਫ ਕਮਿਊਨਿਟੀ ਸੈਂਟਰ ਉੱਤੇ ਕੰਮ ਕਰਨ ਵਾਲਾ ਇੱਕ ਕਰਮਚਾਰੀ 11 ਸਤੰਬਰ ਨੂੰ ਪਾਜ਼ੀਟਿਵ ਪਾਇਆ ਗਿਆ। ਕਿਊਪ ਲੋਕਲ 79 ਦੇ ਪ੍ਰੈਜ਼ੀਡੈਂਟ, ਜੋ ਕਿ ਸਿਟੀ ਦੇ ਇਨਸਾਈਡ ਵਰਕਰਜ਼ ਦੀ ਨੁਮਾਇੰਦਗੀ ਕਰਦੀ ਹੈ, ਨੇ ਦੱਸਿਆ ਕਿ ਜਿਹੜੇ ਅਮਲਾ ਮੈਂਬਰ ਇਸ ਵਰਕਰ ਦੇ ਸੰਪਰਕ ਵਿੱਚ ਆਏ ਹੋ ਸਕਦੇ ਹਨ ਉਨ੍ਹਾਂ ਨੂੰ ਸੈਲਫ ਆਈਸੋਲੇਸ਼ਨ ਵਿੱਚ ਜਾਣ ਲਈ ਆਖ ਦਿੱਤਾ ਗਿਆ ਹੈ।
ਜੁਲਾਈ ਵਿੱਚ ਪਾਰਕਸ ਵਿੱਚ ਕੰਮ ਕਰਨ ਵਾਲੇ ਦੋ ਕਰਮਚਾਰੀ ਪਾਜ਼ੀਟਿਵ ਆਏ ਸਨ, ਉਹ ਫੌਰੈਸਟਰੀ ਤੇ ਰੀਕ੍ਰਿਏਸ਼ਨ ਡਵੀਜ਼ਨ ਵਿੱਚ ਕੰਮ ਕਰਦੇ ਸਨ, ਉਹ ਐਲਸਵੇਅਰ ਕਮਿਊਨਿਟੀ ਸੈਂਟਰ ਵਿੱਚ ਸਮਰ ਕੈਂਪ ਵਿਖੇ ਕੰਮ ਕਰਨ ਵਾਲੇ ਵਰਕਰ ਦੇ ਸੰਪਰਕ ਵਿੱਚ ਆਇਆ। ਅਗਸਤ ਵਿੱਚ ਬਾਰਬਰਾ ਫਰੰਮ ਕਮਿਊਨਿਟੀ ਸੈਂਟਰ ਵਿੱਚ ਸਮਰ ਕੈਂਪ ਵਿਖੇ ਹਿੱਸਾ ਲੈਣ ਆਏ ਇੱਕ ਬੱਚੇ ਨਾਲ ਸਬੰਧਤ ਵੀ ਇੱਕ ਪਾਜ਼ੀਟਿਵ ਕੇਸ ਆਇਆ।
ਐਤਵਾਰ ਨੂੰ ਓਨਟਾਰੀਓ ਵਿੱਚ ਕੋਵਿਡ-19 ਦੇ 365 ਨਵੇਂ ਮਾਮਲੇ ਸਾਹਮਣੇ ਆਏ ਜਦਕਿ ਟੋਰਾਂਟੋ ਵਿੱਚ ਅਜਿਹੇ ਮਾਮਲਿਆਂ ਦੀ ਗਿਣਤੀ 113 ਰਹੀ।


Best Insurance Rates
-Auto -Home -Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Bath
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI
416.994.7272
www.allkindinsurance.com

INSURANCE
- Home
- Auto
- Business
- Trucking
- Life Insurance
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat Broker
Axael InsuranceBrokers Ltd.
1332 Khalsa Dr, Unit # 11, Mississauga, ON L5S 0A2

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovarid Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial Inc. Advice you can bank on. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

NM Money Exchange
ਦੁਨੀਆਂ ਦੇ ਕਿਸੇ ਵੀ ਕੋਨੇ ਤੋਂ ਪੈਸੇ ਮੰਗਵਾਉਣ ਅਤੇ ਭੇਜਣ ਦਾ ਮੌਕਾ ਜ਼ਰੂਰ ਦਿਓ
Send - Exchange - Receive
- Best INR Rate
- Fastest Service
- 24x7 Service
- Secure Transaction
- Special Business Account
Toll Free: 1833 823 5439 | 647 783 0049

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
- Custom Kitchen Cabinets
- Completly Furnished
- Legal Basement
- Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

ਨਵਾਂ ਘਾਹ ਲਵਾਉ
647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor


Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL
416 938 4598

KELLEY LAW OFFICE
- Immigration
- Real Estate
- Family Law
- Business Closing
- Corporate
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CALL: 905-793-2202
You can Place Your Business Here
To Reach Wider Audience


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
1083
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE
TALK, TEXT &
DATA PLAN
4.5GB
$40/mo.
chatr
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
905-451-0379
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2020

# ਫਲੂ ਦੱਸੇ ਜਾਣ ਤੋਂ ਬਾਅਦ ਬੱਚੀ ਦੀ ਨੀਂਦ ਵਿੱਚ ਹੋਈ ਮੌਤ ਨੇ ਮਾਪਿਆਂ ਉੱਤੇ ਢਾਇਆ ਕਹਿਰ

ਟੋਰਾਂਟੋ, 21 ਸਤੰਬਰ (ਪੋਸਟ ਬਿਊਰੋ) : ਡਾਕਟਰਾਂ ਵੱਲੋਂ ਸਧਾਰਨ ਫਲੂ ਦੱਸੇ ਜਾਣ ਤੋਂ ਤਿੰਨ ਦਿਨ ਬਾਅਦ ਹਮੇਸ਼ਾਂ ਲਈ ਮੌਤ ਦੀ ਨੀਂਦ ਸੌਣ ਵਾਲੀ ਦੋ ਸਾਲਾ ਬੱਚੀ ਦੀ ਮਾਂ ਦਾ ਕਹਿਣਾ ਹੈ ਕਿ ਹੈਲਥ ਕੇਅਰ ਸਿਸਟਮ ਤੋਂ ਉਨ੍ਹਾਂ ਦਾ ਵਿਸ਼ਵਾਸ ਉੱਠ ਗਿਆ ਹੈ।

ਨਿਊਮਾਰਕਿਟ, ਓਨਟਾਰੀਓ ਦੀ ਮਹਿਲਾ ਆਰਜ਼ੂ ਵਾਹਬ ਦੀ ਧੀ ਸੋਫੀਆ ਫਾਰਾਹ ਬਹੁਤ ਹੀ ਖ਼ੂਬਸੂਰਤ, ਸਮਾਰਟ ਤੇ ਮਿਲਣਸਾਰ ਬੱਚੀ ਸੀ। ਵਾਹਬ ਨੇ ਦੱਸਿਆ ਕਿ ਕ੍ਰਿਸਮਸ ਦੇ ਨੇੜੇ ਤੇੜੇ ਉਸ ਨੂੰ ਤੇ ਉਸ ਦੀ ਧੀ ਨੂੰ ਫਲੂ ਹੋਇਆ। ਕੁੱਝ ਸਮੇਂ ਬਾਅਦ ਵਾਹਬ ਆਪ ਤਾਂ ਠੀਕ ਹੋ ਗਈ ਪਰ ਉਸ ਦੀ ਬੱਚੀ ਠੀਕ ਨਹੀਂ ਹੋ ਸਕੀ। ਸੋਫੀਆ ਨੂੰ ਬੁਖਾਰ ਹੋ ਗਿਆ, ਉਹ ਸੁਸਤ ਰਹਿਣ ਲੱਗੀ ਤੇ ਉਸ ਦੀਆਂ ਅੱਖਾਂ ਵੀ ਚੜ੍ਹੀਆਂ ਰਹਿਣ ਲੱਗੀਆਂ।

ਜਦੋਂ ਬੁਖਾਰ ਤੇਜ਼ ਹੋਇਆ ਤਾਂ ਸੋਫੀਆ ਦੇ ਮਾਪੇ ਉਸ ਨੂੰ ਟੋਰਾਂਟੋ ਵਿੱਚ ਹੌਸਪਿਟਲ ਫੌਰ ਸਿੱਕ ਚਿਲਡਰਨ ਲੈ ਗਏ। ਡਾਕਟਰ ਦੀ ਉਡੀਕ ਵਿੱਚ ਸੱਤ ਘੰਟੇ ਇੰਤਜ਼ਾਰ ਕਰਨ ਤੋਂ ਬਾਅਦ ਉਨ੍ਹਾਂ ਨੂੰ ਛੇ ਘੰਟੇ ਲਈ ਹੋਰ ਇੰਤਜ਼ਾਰ ਕਰਨ ਵਾਸਤੇ ਆਖਿਆ ਗਿਆ। ਅਗਲੇ ਦਿਨ ਵਾਹਬ ਤੇ ਉਸ ਦਾ ਪਤੀ ਆਪਣੀ ਬੱਚੀ ਨੂੰ ਨਿਊਮਾਰਕਿਟ ਦੇ ਵਾਕ ਇਨ ਕਲੀਨਿਕ ਲੈ ਗਏ, ਜਿੱਥੇ ਡਾਕਟਰ ਨੇ ਆਖਿਆ ਕਿ ਉਸ ਨੂੰ ਫੌਰੀ ਮੈਡੀਕਲ ਮਦਦ ਦੀ ਲੋੜ ਹੈ। ਫਿਰ ਉਹ ਉਸ ਨੂੰ ਸਾਊਥਲੇਕ ਰੀਜਨਲ ਹੈਲਥ ਸੈਂਟਰ ਦੇ ਐਮਰਜੰਸੀ ਰੂਮ ਲੈ ਗਏ।

ਫਿਰ ਸਾਰਾ ਕੁੱਝ ਗੜਬੜ ਹੁੰਦਾ ਗਿਆ। ਉੱਥੇ ਉਨ੍ਹਾਂ ਡਾਕਟਰ ਨੂੰ ਸਾਰੀ ਗੱਲ ਦੱਸੀ ਤੇ ਦੱਸਿਆ ਕਿ



ਬੱਚੀ ਨੂੰ 10 ਦਿਨ ਤੋਂ ਬੁਖਾਰ ਹੈ ਤੇ ਉਸ ਨੂੰ ਇਨਫੈਕਸ਼ਨ ਹੈ। ਮਾਪਿਆਂ ਨੇ ਇਹ ਮੰਗ ਵੀ ਕੀਤੀ ਕਿ ਜਾਂ ਤਾਂ ਉਸ ਨੂੰ ਐਂਟੀਬਾਇਓਟਿਕਸ ਦੇ ਦਿੱਤੀਆਂ ਜਾਣ ਤੇ ਜਾਂ ਫਿਰ ਉਸ ਦੇ ਬਲੱਡ ਟੈਸਟ ਕਰਵਾ ਲਏ ਜਾਣ। ਰੈਜ਼ੀਡੈਂਟ ਡਾਕਟਰ ਵੱਲੋਂ ਸ਼ੁਰੂ ਵਿੱਚ ਟੈਸਟ ਕਰਨ ਲਈ ਹਾਮੀ ਭਰੀ ਗਈ ਪਰ ਆਪਣੇ ਸੀਨੀਅਰ ਡਾਕਟਰ ਦੇ ਆਖਣ ਤੋਂ ਬਾਅਦ ਉਨ੍ਹਾਂ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ।

ਡਾਕਟਰ ਨੇ ਆਖਿਆ ਕਿ ਇਸ ਨੂੰ ਪਹਿਲਾਂ ਇੱਕ ਵਾਇਰਲ ਇਨਫੈਕਸ਼ਨ ਸੀ ਤੇ ਹੁਣ ਇੱਕ ਹੋਰ ਵਾਇਰਲ ਇਨਫੈਕਸ਼ਨ ਹੋ ਗਈ ਹੈ। ਉਨ੍ਹਾਂ ਵੱਲੋਂ ਇਹੋ ਦੱਸਿਆ ਗਿਆ ਕਿ ਉਸ ਨੂੰ ਸਧਾਰਨ ਫਲੂ ਹੈ। ਬੱਚੀ ਦੀ ਜਾਂਚ ਕੀਤੇ ਬਿਨਾ ਹੀ ਉਸ ਨੂੰ ਸਿਰਫ ਦੇਖ ਕੇ ਹੀ ਵਾਇਰਲ ਇਨਫੈਕਸ਼ਨ ਦੱਸ ਦਿੱਤੀ ਗਈ। ਫਿਰ ਬੱਚੀ ਦੀ ਦਿਲ ਦੀ ਧੜਕਨ 164 ਹੋ ਗਈ ਤੇ ਉਸ ਨੂੰ 28.4 ਡਿਗਰੀ ਬੁਖਾਰ ਹੋ ਗਿਆ। ਪਰ ਦੋ ਘੰਟੇ ਅੰਦਰ ਸੋਫੀਆ ਨੂੰ ਡਿਸਚਾਰਜ ਕਰ ਦਿੱਤਾ ਗਿਆ ਤੇ ਡਾਕਟਰਾਂ ਨੇ ਉਸ ਨੂੰ ਹਾਈਡ੍ਰੇਟ ਰੱਖਣ ਲਈ ਆਖਿਆ ਤੇ ਉਸ ਨੂੰ ਸਵੇਰੇ ਤੇ ਰਾਤ ਨੂੰ ਟਾਈਲੇਨੌਲ ਦਵਾਈ ਦੇਣ ਲਈ ਆਖਿਆ ਗਿਆ। ਪਰ ਤਿੰਨ ਦਿਨ ਬਾਅਦ ਨੀਂਦ ਵਿੱਚ ਹੀ ਸੋਫੀਆ ਦੀ ਮੌਤ ਹੋ ਗਈ।

ਹਾਲਾਂਕਿ ਸੋਫੀਆ ਦੀ ਮੌਤ ਬਾਰੇ ਫਾਈਨਲ ਰਿਪੋਰਟ ਜਾਰੀ ਨਹੀਂ ਕੀਤੀ ਗਈ ਹੈ ਪਰ ਵਾਹਬ ਦਾ ਕਹਿਣਾ ਹੈ ਕਿ ਕੌਰੋਨਰ ਨੇ ਉਨ੍ਹਾਂ ਨੂੰ ਦੱਸਿਆ ਹੈ ਕਿ ਉਨ੍ਹਾਂ ਦੀ ਬੱਚੀ ਦੀ ਮੌਤ ਸਟਰੈਪ ਏ, ਜੋ ਕਿ ਸੈਪਟਿਕ ਬਣ ਗਿਆ, ਬਾਈਲ ਇਨਫੈਕਸ਼ਨ ਤੇ ਨਿਮੋਨੀਆ ਕਾਰਨ ਹੋਈ ਹੈ। ਕਾਲਜ ਆਫ ਫਿਜ਼ੀਸ਼ੀਅਨਜ਼ ਐਂਡ ਸਰਜਨਜ਼ ਆਫ ਓਨਟਾਰੀਓ ਵੱਲੋਂ ਸੋਫੀਆ ਦੀ ਮੌਤ ਦੇ ਸਬੰਧ ਵਿੱਚ ਜਾਂਚ ਲਾਂਚ ਕੀਤੀ ਗਈ ਹੈ।

ਵਾਹਬ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਇੱਕ ਵਕੀਲ ਹਾਇਰ ਕੀਤਾ ਗਿਆ ਹੈ ਤੇ ਉਹ ਸਾਊਥਲੇਕ ਰੀਜਨਲ ਹੈਲਥ ਸੈਂਟਰ ਖਿਲਾਫ ਕਾਨੂੰਨੀ ਕਾਰਵਾਈ ਲਾਂਚ ਕਰਵਾਉਣ ਦੀ ਪ੍ਰਕਿਰਿਆ ਵਿੱਚ ਹਨ।

# ਟੀਡੀਐਸਬੀ ਨੇ ਵਰਚੂਅਲ ਸਕੂਲ ਦੀ ਸ਼ੁਰੂਆਤ ਮੁੜ ਟਾਲੀ



ਟੋਰਾਂਟੋ, 21 ਸਤੰਬਰ (ਪੋਸਟ ਬਿਊਰੋ) : ਟੋਰਾਂਟੋ ਵਿੱਚ ਮੰਗਲਵਾਰ ਨੂੰ ਹਜ਼ਾਰਾਂ ਦੀ ਗਿਣਤੀ ਵਿੱਚ ਐਲੀਮੈਂਟਰੀ ਤੇ ਸੈਕੰਡਰੀ ਵਿਦਿਆਰਥੀਆਂ ਲਈ ਵਰਚੂਅਲ ਸਕੂਲ ਦੀ ਸ਼ੁਰੂਆਤ ਦਾ ਪਹਿਲਾ ਦਿਨ ਮੰਨਿਆ ਜਾ ਰਿਹਾ ਸੀ ਪਰ ਆਖਰੀ ਪਲ ਉੱਤੇ ਟੋਰਾਂਟੋ ਡਿਸਟ੍ਰਿਕਟ ਸਕੂਲ ਬੋਰਡ ਵੱਲੋਂ ਆਪਣੀ ਯੋਜਨਾ ਬਦਲ ਦਿੱਤੀ ਗਈ।

ਬੋਰਡ ਦਾ ਕਹਿਣਾ ਹੈ ਕਿ ਐਲੀਮੈਂਟਰੀ ਪੱਧਰ ਉੱਤੇ ਵਰਚੂਅਲ ਲਰਨਿੰਗ ਲਈ ਕਾਫੀ ਮੰਗ ਹੈ, ਇਸ ਲਈ ਇਸ ਦੀ ਪੜਾਅਵਾਰ ਸ਼ੁਰੂਆਤ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਮਾਪਿਆਂ ਨੂੰ ਭੇਜੇ ਪੱਤਰ ਵਿੱਚ ਬੋਰਡ ਨੇ ਆਖਿਆ ਕਿ ਹੁਣ ਤੱਕ 60 ਹਜ਼ਾਰ ਵਿਦਿਆਰਥੀ ਵਰਚੂਅਲ ਲਰਨਿੰਗ ਲਈ ਦਾਖਲਾ ਲੈ ਚੁੱਕੇ ਹਨ ਪਰ ਉਨ੍ਹਾਂ ਨੂੰ ਪੜ੍ਹਾਉਣ ਲਈ ਓਨੇ ਅਧਿਆਪਕਾਂ ਨੂੰ ਅਜੇ ਹਾਇਰ ਨਹੀਂ ਕੀਤਾ ਗਿਆ ਹੈ।

ਕੁੱਝ ਵਿਦਿਆਰਥੀ ਜਲਦ ਹੀ ਲਾਈਵ ਕਲਾਸਾਂ ਲਾਉਣ ਦੇ ਸਮਰੱਥ ਹੋਣਗੇ ਜਦਕਿ ਹੋਰਨਾਂ ਵੱਲੋਂ ਆਜ਼ਾਦਾਨਾ ਆਨਲਾਈਨ ਲਰਨਿੰਗ ਦੀ ਸ਼ੁਰੂਆਤ ਕੀਤੀ ਜਾਵੇਗੀ। ਹੋਰ ਪਰਿਵਾਰ ਦੇ ਵਰਚੂਅਲ ਲਰਨਿੰਗ ਵਾਲਾ ਬਦਲ ਅਪਨਾਉਣ ਕਾਰਨ ਟੀਡੀਐਸਬੀ ਵੱਲੋਂ ਦੂਜੀ ਵਾਰੀ ਦੇਰੀ ਕੀਤੀ ਗਈ ਹੈ।

## ਯੰਜ ਐਗਲਿੰਟਨ ਇਲਾਕੇ ਵਿੱਚ 1000 ਦੇ ਨੇੜੇ ਤੇੜੇ ਘਰਾਂ ਦੀ ਬਿਜਲੀ ਠੱਪ




ਟੋਰਾਂਟੋ, 21 ਸਤੰਬਰ (ਪੋਸਟ ਬਿਊਰੋ) : ਸੋਮਵਾਰ ਸਵੇਰੇ ਯੰਜ ਐਗਲਿੰਟਨ ਇਲਾਕੇ ਵਿੱਚ 1000 ਦੇ ਨੇੜੇ ਤੇੜੇ ਘਰਾਂ ਤੇ ਕਾਰੋਬਾਰੀ ਅਦਾਰਿਆਂ ਦੀ ਬਿਜਲੀ ਠੱਪ ਰਹੀ। ਟੋਰਾਂਟੋ ਹਾਈਡਰੋ ਕ੍ਰਿਊਜ਼ ਵੱਲੋਂ ਬਿਜਲੀ ਬੰਦ ਹੋਣ ਦੇ ਕਾਰਨਾਂ ਦਾ ਪਤਾ ਲਾਇਆ ਜਾ ਰਿਹਾ ਹੈ। ਬਿਜਲੀ ਦੁਪਹਿਰ 12:30 ਵਜੇ ਤੱਕ ਆਉਣ ਦੀ ਸੰਭਾਵਨਾ ਸੀ।

## ਹਸਪਤਾਲ ਦੀਆਂ ਪੌੜੀਆਂ ਉੱਪਰ ਮਿਲੀ ਕੋਰੋਨਾ ਪੀੜਤ ਔਰਤ ਦੀ ਮੌਤ

ਪਟਿਆਲਾ, 21 ਸਤੰਬਰ (ਪੋਸਟ ਬਿਊਰੋ)- ਏਥੋਂ ਦੇ ਰਾਜਿੰਦਰਾ ਹਸਪਤਾਲ ਵਿੱਚ ਦਾਖਲ ਹੋਈ ਭਵਾਨੀਗੜ੍ਹ ਦੀ ਔਰਤ ਦੀ ਕੋਰੋਨਾ ਨਾਲ ਮੌਤ ਹੋ ਗਈ ਹੈ। ਇਸ ਔਰਤ ਨੂੰ 19 ਸਤੰਬਰ ਦੀ ਦੁਪਹਿਰ 12.30 ਵਜੇ ਹਸਪਤਾਲ ਵਿੱਚ ਭਰਤੀ ਕਰਾਇਆ ਗਿਆ ਸੀ। ਉਸ ਨੂੰ ਚਾਰ ਦਿਨ ਤੋਂ ਸਾਹ ਲੈਣ ਵਿੱਚ ਦਿੱਕਤ ਸੀ ਅਤੇ ਪੰਜਵੇਂ ਦਿਨ ਬੁਖਾਰ ਹੋ ਗਿਆ। ਔਰਤ ਮਰੀਜ਼ ਕੋਵਿਡ ਵਾਰਡ ਵਿੱਚ ਪੌੜੀਆਂ 'ਤੇ ਸ਼ਨੀਵਾਰ ਨੂੰ ਲੇਟੀ ਹੋਈ ਮਿਲੀ ਸੀ।

ਇਸ ਔਰਤ ਬਾਰੇ ਇੱਕ ਵੀਡੀਓ ਸਾਹਮਣੇ ਆਇਆ ਸੀ। ਮੈਡੀਕਲ ਕਾਲਜ ਦੇ ਪ੍ਰਿੰਸੀਪਲ ਰਾਜਨ ਸਿੰਗਲਾ ਨੇ ਦੱਸਿਆ ਕਿ ਔਰਤ ਮਰੀਜ਼ ਦਾ ਆਕਸੀਜਨ ਲੈਵਲ ਘੱਟ ਸੀ। ਉਸ ਨੂੰ ਆਕਸੀਜਨ ਉਤੇ ਰੱਖਿਆ ਗਿਆ ਸੀ। ਮਰੀਜ਼ ਦੀ ਰਿਕਵਰੀ ਵੀ ਹੋ ਰਹੀ ਸੀ। ਜਦ ਉਨ੍ਹਾਂ ਦੇ ਸਟਾਫ ਨੂੰ ਮਰੀਜ਼ ਲਈ ਬੈਡ 'ਤੇ ਨਹੀਂ ਮਿਲੀ ਤਾਂ ਅਲਾਰਮ ਵਜਾਇਆ। ਔਰਤ ਦੀ ਤਲਾਸ਼ ਕੀਤੀ ਗਈ ਤਾਂ ਉਹ ਚੌਥੀ ਤੇ ਪੰਜਵੀਂ ਮੰਜ਼ਿਲ ਦੀਆਂ ਪੌੜੀਆਂ ਵਿੱਚ ਲੇਟੀ ਮਿਲੀ। ਉਨ੍ਹਾਂ ਨੂੰ ਆਈਸੋਲੇਸ਼ਨ ਵਾਰਡ ਵਿੱਚ ਭਰਤੀ ਕੀਤਾ ਗਿਆ, ਪਰ ਇਲਾਜ ਦੌਰਾਨ ਮੌਤ ਹੋ ਗਈ। ਔਰਤ ਪੰਜਵੀਂ ਮੰਜ਼ਿਲ 'ਤੇ ਬਣੇ ਵਾਰਡ ਵਿੱਚ ਦਾਖਲ ਸੀ। ਇਹ ਹੇਠਾਂ ਕਿਵੇਂ ਆਈ, ਇਹ ਪਤਾ ਲਗਾਉਣ ਲਈ ਤਿੰਨ ਡਾਕਟਰਾਂ ਦੀ ਕਮੇਟੀ ਬਣਾਈ ਗਈ ਸੀ। ਕਮੇਟੀ ਦੀ ਰਿਪੋਰਟ ਉਚ ਅਧਿਕਾਰੀਆਂ ਨੂੰ ਭੇਜ ਦਿੱਤੀ ਗਈ ਹੈ।

# ਓਨਟਾਰੀਓ ਵਿੱਚ ਹੁਣ ਫਾਰਮਾਸਿਸਟਸ ਵੀ ਕਰ ਸਕਣਗੇ ਕੋਵਿਡ-19 ਟੈਸਟ!

ਓਨਟਾਰੀਓ, 21 ਸਤੰਬਰ (ਪੋਸਟ ਬਿਊਰੋ) : ਫੋਰਡ ਸਰਕਾਰ ਵੱਲੋਂ ਫਾਰਮਾਸਿਸਟਜ਼ ਨੂੰ ਵੀ ਕੋਵਿਡ-19 ਟੈਸਟ ਕਰਨ ਦੀ ਇਜਾਜ਼ਤ ਦੇਣ ਲਈ ਨਿਯਮਾਂ ਵਿੱਚ ਤਬਦੀਲੀ ਕੀਤੀ ਗਈ ਹੈ। ਪਿਛਲੇ ਹਫਤੇ ਫੋਰਡ ਨੇ ਆਖਿਆ ਸੀ ਕਿ ਪ੍ਰੋਵਿੰਸ ਜਲਦ ਹੀ ਫਾਰਮੇਸੀ ਵਿੱਚ ਕੋਵਿਡ-



19 ਟੈਸਟਿੰਗ ਸ਼ੁਰੂ ਕਰਨ ਜਾ ਰਹੀ ਹੈ। ਇਸ ਤੋਂ ਭਾਵ ਇਹ ਹੈ ਕਿ ਕੋਵਿਡ-19 ਟੈਸਟ ਲਈ ਸਪੈਸੀਮਨਜ਼ ਲੈਣ ਦੇ ਸਬੰਧ ਵਿੱਚ ਫਾਰਮਾਸਿਸਟਸ ਨੂੰ ਸਪੈਸੀਮਨ ਕੋਲੈਕਸ਼ਨ ਸੈਂਟਰ ਦਾ ਲਾਇਸੰਸ ਹਾਸਲ ਕਰਨ ਦੀ ਲੋੜ ਨਹੀਂ ਹੋਵੇਗੀ। ਫਾਰਮੇਸੀ ਟੈਸਟ ਉਨ੍ਹਾਂ ਦੇ ਕੀਤੇ ਜਾਣਗੇ ਜਿਹੜੇ ਏਸਿੰਪਟੋਮੈਟਿਕ ਹੋਣਗੇ।

# ਸਰਦੀਆਂ ਬਰੂਹਾਂ ’ਤੇ, ਪਰ ਗਾਰਮੈਂਟਸ ਇੰਡਸਟਰੀ ਨੂੰ ਵੱਡੇ ਪੱਧਰ ’ਤੇ ਲੇਬਰ ਦੀ ਘਾਟ

ਲੁਧਿਆਣਾ, 21 ਸਤੰਬਰ (ਪੋਸਟ ਬਿਊਰੋ)- ਪੰਜਾਬ ਦੀ ਸਨਅਤੀ ਨਗਰੀ ਲੁਧਿਆਣਾ ਦੀ ਗਾਰਮੈਂਟ ਇੰਡਸਟਰੀ ਦਾ ਸਭ ਤੋਂ ਪੀਕ ਸਮਾਂ ਸਰਦੀਆਂ ਦੇ ਕੱਪੜਿਆਂ ਦੀ ਵਿਕਰੀ ਦਾ ਸਮਾਂ ਹੁੰਦਾ ਹੈ, ਜਿਹੜਾ ਆ ਗਿਆ ਹੈ, ਪਰ ਇਸ ਵਾਰ ਕੋਰੋਨਾ ਸੰਕਟ ਕਾਰਨ ਲਾਕਡਾਊਨ ਤੇ ਲੇਬਰ ਦੀ ਘਾਟ ਨੇ ਸਨਅਤ ਲਈ ਸਮੱਸਿਆ ਖੜ੍ਹੀ ਕਰ ਦਿੱਤੀ ਹੈ। ਸਤੰਬਰ ਮਹੀਨੇ ਤੱਕ ਡਿਸਪੈਚਿੰਗ ਪੂਰੀ ਕਰਨ ਵਾਲੀ ਇੰਡਸਟਰੀ ਇਸ ਵੇਲੇ ਪ੍ਰੋਡਕਸ਼ਨ ਲਈ ਸੰਘਰਸ਼ ਕਰ ਰਹੀ ਹੈ ਅਤੇ ਪਿਛਲੇ ਸਾਲ ਦਾ ਬੈਕਲਾਗ ਵੀ ਇੰਡਸਟਰੀ ਕੋਲ ਨਹੀਂ ਹੈ। ਅਜਿਹੇ ਵਿੱਚ ਇਸ ਵਾਰ ਇੰਡਸਟਰੀ ਜਿੰਨਾ ਮੈਟੀਰੀਅਲ ਬਣਾਏਗੀ, ਉਹ ਓਨਾ ਹੀ ਸੇਲ ਕਰ ਲਵੇਗੀ। ਇਸ ਹਾਲਤ ਵਿੱਚ ਹਰ ਕਾਰੋਬਾਰੀ ਇਸ ਮੌਕੇ ਦਾ ਲਾਭ ਲੈਣਾ ਚਾਹੁੰਦਾ ਹੈ।

ਵਰਨਣ ਯੋਗ ਹੈ ਕਿ ਗਾਰਮੈਂਟਸ ਇੰਡਸਟਰੀ ਨੂੰ ਸਰਦੀਆਂ ਦੇ ਸੀਜ਼ਨ ਲਈ ਚੰਗੇ ਆਰਡਰ ਮਿਲੇ ਹਨ, ਪਰ ਇਸ ਵਾਰ ਪ੍ਰੋਡਕਸ਼ਨ ਸਮੇਂ 'ਤੇ ਨਾ ਹੋਣ ਕਾਰਨ ਇਨ੍ਹਾਂ ਆਰਡਰਾਂ ਦਾ ਭੁਗਤਾਨ ਕਰਨ ਬਾਰੇ ਇੰਡਸਟਰੀ ਸ਼ੰਕਾ ਵਿੱਚ ਹੈ। ਇਸ ਚੁਣੌਤੀ ਦਰਮਿਆਨ ਇੰਡਸਟਰੀ ਨੇ ਇਸ ਵੇਲੇ ਬੰਪਰ ਪ੍ਰੋਡਕਸ਼ਨ ਵੱਲ ਧਿਆਨ ਕੇਂਦਰਤ ਕੀਤਾ ਹੈ ਤੇ ਕਈ ਯੂਨਿਟਾਂ ਦੋ ਸ਼ਿਫਟਾਂ 'ਚ ਚਲਾਈਆਂ ਜਾ ਰਹੀਆਂ ਹਨ।

ਡਿਊਕ ਫੈਸ਼ਨ ਇੰਡੀਆ ਦੇ ਬ੍ਰਾਂਡ ਮੈਨੇਜਰ ਗਗਨ ਜੈਨ ਮੁਤਾਬਕ ਇੰਡਸਟਰੀ ਲਈ ਇਹ ਸਮਾਂ ਮੌਕੇ ਦੇ ਨਾਲ ਹੀ ਚੁਣੌਤੀ ਵਾਲਾ ਵੀ ਹੈ। ਵਿੰਟਰ ਵੀਅਰ ਵਿੱਚ ਇਸ ਵਾਰ ਬੈਕਲਾਗ ਨਾ ਹੋਣ ਦੇ ਬਰਾਬਰ ਹੈ ਤੇ ਨਵੀਂ ਪ੍ਰੋਡਕਸ਼ਨ ਲਈ ਲਾਕ ਡਾਊਨ, ਕੱਚੇ ਮਾਲ ਦੀ ਕਿੱਲਤ ਤੇ ਲੇਬਰ ਦੀ ਸਮੱਸਿਆ ਨਾਲ ਇੰਡਸਟਰੀ ਨੂੰ ਜੂਝਣਾ ਪੈ ਰਿਹਾ ਹੈ। ਅਜਿਹੇ ਵਿੱਚ ਇਸ ਸਮੇਂ ਪੂਰੀ ਹੋਣ ਵਾਲੀ ਡਿਸਪੈਚਿੰਗ ਵੀ ਦੇਰੀ ਨਾਲ ਹੋ ਰਹੀ ਹੈ, ਪਰ ਲੁਧਿਆਣਾ ਉਦਯੋਗ ਸਮੇਂ 'ਤੇ ਡਿਸਪੈਚਿੰਗ ਵਿੱਚ ਰੁਝੀ ਹੈ ਅਤੇ ਇਸ ਨੂੰ ਪੂਰਾ ਕਰ ਲਿਆ ਜਾਵੇਗਾ।

ਇਸ ਬਾਰੇ ਕੁੱਦੂ ਨਿੱਟ ਪ੍ਰੋਸੈਸ ਦੇ ਐਮ ਡੀ ਵਿਪਨ ਮਿੱਤਲ ਨੇ ਦੱਸਿਆ ਕਿ ਇਸ ਵਾਰ ਸਰਦੀਆਂ ਦੇ ਲਈ ਚੰਗੇ ਆਰਡਰ ਹਨ। ਲਾਕਡਾਊਨ ਦੀ ਵਜ੍ਹਾ ਨਾਲ ਕਈ ਤਕਨੀਕੀ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

## ਪੁਲਸ ਉਤੇ ਫਾਇਰਿੰਗ ਦੇ ਦੋਸ਼ੀ ਹਵਾਲਾਤ ਵਿੱਚੋਂ ਫਰਾਰ

ਤਰਨ ਤਾਰਨ, 21 ਸਤੰਬਰ (ਪੋਸਟ ਬਿਊਰੋ)- ਲੁੱਟ ਦੀ ਇੱਕ ਵੱਡੀ ਘਟਨਾ ਦੀ ਸਾਜ਼ਿਸ਼ ਰਚ ਰਹੇ ਲੁਟੇਰਾ ਗਿਰੋਹ ਦੇ ਮੈਂਬਰਾਂ ਨੇ ਪੁਲਸ 'ਤੇ ਬੀਤੇ ਸ਼ਨੀਵਾਰ ਗੋਲੀਆਂ ਚਲਾਈਆਂ ਸਨ। ਇਸ ਦੇ ਬਾਅਦ ਪੁਲਸ ਨੇ ਤਿੰਨ ਦੋਸ਼ੀਆਂ ਨੂੰ ਕੁਝ ਦੇਰ ਬਾਅਦ ਕਾਬੂ ਕਰ ਲਿਆ, ਜਿਨ੍ਹਾਂ ਖਿਲਾਫ ਕਾਰਵਾਈ ਸ਼ੁਰੂ ਕੀਤੀ ਗਈ ਸੀ। ਜਾਣਕਾਰ ਸੂਤਰਾਂ ਮੁਤਾਬਕ ਦੋ ਹੋਰ ਦੋਸ਼ੀਆਂ ਨੂੰ ਸ਼ਨੀਵਾਰ ਦੁਪਹਿਰੇ ਫੜ ਲਿਆ ਗਿਆ ਸੀ, ਜੋ ਕੱਲ੍ਹ ਸਵੇਰੇ ਥਾਣੇ ਦੀ ਹਵਾਲਾਤ 'ਚੋਂ ਫਰਾਰ ਹੋ ਗਏ ਹਨ। ਪੁਲਸ ਦਾ ਕਹਿਣਾ ਹੈ ਕਿ ਸਿਰਫ ਤਿੰਨ ਦੋਸ਼ੀ ਫੜੇ ਹਨ। ਦੋਸ਼ੀਆਂ ਵਿਚ ਕੋਟਲੀ ਵਸਾਵਾ ਸਿੰਘ ਦਾ ਜੋਬਨਪ੍ਰੀਤ ਸਿੰਘ, ਪਿੰਡ ਆਸਲ ਦਾ ਗੁਰਪ੍ਰਤਾਪ ਸਿੰਘ ਅਤੇ ਪਿੰਡ ਮੰਜਵਾਲਾ, ਫਿਰੋਜ਼ਪੁਰ ਦਾ ਸਾਹਿਲ ਮਸੀਹ ਸ਼ਾਮਲ ਹੈ, ਜਿਨਾਂ ਨੂੰ ਅਦਾਲਤ ਪੇਸ਼ ਕਰ ਕੇ ਦੋ ਦਿਨ ਦਾ ਪੁਲਸ ਰਿਮਾਂਡ ਲਿਆ ਗਿਆ ਹੈ। ਥਾਣਾ ਭਿਖੀ ਵਿੰਡ ਦੇ ਇੰਚਾਰਜ ਗੁਰਚਰਨ ਸਿੰਘ ਨੂੰ ਸੂਚਨਾ ਮਿਲੀ ਸੀ ਕਿ ਬਲੇਰ ਦੀ ਦਾਣਾ ਮੰਡੀ ਵਿੱਚ 15 ਮੈਂਬਰੀ ਲੁਟੇਰਾ ਗਿਰੋਹ ਲੁੱਟ ਦੀ ਵੱਡੀ ਵਾਰਦਾਤ ਲਈ ਸਾਜ਼ਿਸ਼ ਰਚ ਰਿਹਾ ਹੈ। ਪੁਲਸ ਨੇ ਮੌਕੇ 'ਤੇ ਨਾਕਾਬੰਦੀ ਕਰਵਾ ਦਿੱਤੀ। ਪੰਜ ਗੱਡੀਆਂ ਨੂੰ ਰੁਕਣ ਦਾ ਇਸ਼ਾਰਾ ਕੀਤਾ ਗਿਆ। ਇੱਕ ਗੱਡੀ ਵਿੱਚ ਸਵਾਰ ਲੋਕਾਂ ਨੇ ਪੁਲਸ 'ਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ।

## ਨਕੋਦਰ ਹਿੰਦੂ ਅਰਬਨ ਕੋਅਪਰੇਟਿਵ ਬੈਂਕ ਦਾ ਚੇਅਰਮੈਨ ਸਸਪੈਂਡ

ਨਕੋਦਰ, 21 ਸਤੰਬਰ (ਪੋਸਟ ਬਿਊਰੋ)- ਨਕੋਦਰ ਹਿੰਦੂ ਅਰਬਨ ਕੋਅਪਰੇਟਿਵ ਬੈਂਕ ਦੇ ਚੇਅਰਮੈਨ ਹਰੀ ਮਿੱਤਰ ਸੋਂਧੀ ਨੂੰ ਅਧਿਕਾਰਾਂ ਦੀ ਦੁਰਵਰਤੋਂ ਅਤੇ ਬੈਂਕ ਦੇ ਕਰਜ਼ਦਾਰਾਂ ਦਾ ਵਿਆਜ ਮੁਆਫ ਕਰਨ ਦੇ ਦੋਸ਼ ਵਿੱਚ ਡਿਪਟੀ ਰਜਿਸਟਰਾਰ ਕੋਅਪਰੇਟਿਵ ਸੋਸਾਈਟੀਜ਼ ਜਲੰਧਰ ਨੇ ਅਹੁਦੇ ਤੋਂ ਹਟਾ ਕੇ ਉਨ੍ਹਾਂ ਦੀ ਬੋਰਡ ਮੈਂਬਰਸ਼ਿਪ ਸੀਜ਼ ਕਰ ਦਿੱਤੀ ਹੈ।

ਇਸ ਬਾਰੇ ਨਕੋਦਰ ਦੇ ਦੀਪਕ ਗੁਪਤਾ ਪੁੱਤਰ ਬਲਦੇਵ ਗੁਪਤਾ ਨੇ ਪ੍ਰੈਸ ਨੂੰ ਦੱਸਿਆ ਕਿ ਕੋਅਪਰੇਟਿਵ ਵਿਭਾਗ ਨੇ ਬੈਂਕ ਦੇ ਚੇਅਰਮੈਨ ਦੇ ਖ਼ਿਲਾਫ਼ ਸਸਪੈਂਸ਼ਨ ਦੀ ਕਾਰਵਾਈ ਕੀਤੀ ਹੈ। ਦੀਪਕ ਗੁਪਤਾ ਨੇ ਇਸ ਫੈਸਲੇ ਦਾ ਪ੍ਰੈਸ ਨੋਟ ਜਾਰੀ ਕੀਤਾ ਅਤੇ ਵਿਭਾਗ ਵੱਲੋਂ ਕੀਤੀ ਕਾਰਵਾਈ ਬਾਰੇ ਦੱਸਿਆ ਕਿ ਡਿਪਟੀ ਰਜਿਸਟਰ ਨੇ ਆਪਣੇ ਫੈਸਲੇ 'ਚ ਇਹ ਕਿਹਾ ਹੈ ਕਿ ਬੇਨਿਯਮੀਆਂ ਅਤੇ ਬਹੁਤ ਸਾਰੀਆਂ ਸ਼ਿਕਾਇਤਾਂ ਮਿਲੀਆਂ ਸਨ, ਜਿਸ 'ਤੇ ਵਿਭਾਗ ਨੇ ਜਾਂਚ ਕੀਤੀ ਤੇ ਪਾਇਆ ਗਿਆ ਕਿ ਬੈਂਕ ਦੇ ਕਰਜ਼ਦਾਰਾਂ ਦੇ ਤਿੰਨ ਕਰੋੜ 35 ਲੱਖ, 80 ਹਜ਼ਾਰ, 317 ਰੁਪਏ ਵਿਆਜ ਆਪਣੇ ਅਧਿਕਾਰਾਂ ਦੀ ਦੁਰਵਰਤੋਂ ਕਰਕੇ ਮੁਆਫ਼ ਕੀਤਾ ਅਤੇ ਬੈਂਕ ਦੇ ਵਿੱਤੀ ਹਿੱਤਾਂ ਦਾ ਨੁਕਸਾਨ ਹੋਇਆ ਹੈ, ਜਿਸ ਲਈ ਚੇਅਰਮੈਨ ਹਰੀ ਮਿੱਤਰ ਸੋਂਧੀ ਨੇ ਸ਼ੋਅ ਕਾਜ ਨੋਟਿਸ ਦਿੱਤਾ ਸੀ। ਸੋਂਧੀ ਨੇ ਵਿਭਾਗ ਨੂੰ ਜਵਾਬ ਭੇਜਿਆ ਸੀ, ਪਰ ਡਿਪਟੀ ਰਜਿਸਟਰਾਰ ਨਵਨੀਤ ਕੌਰ ਨੇ ਸੋਂਧੀ ਦੇ ਜਵਾਬ ਨਾਲ ਸਹਿਮਤ ਨਾ ਹੁੰਦੇ ਉਸ ਨੂੰ ਪੰਜਾਬ ਕੋਅਪਰੇਟਿਵ ਸਭਾਵਾਂ ਐਕਟ 1961 ਦੀ ਧਾਰਾ 27 ਹੇਠ ਬੈਂਕ ਦੇ ਬੋਰਡ ਆਫ਼ ਡਾਇਰੈਕਟਰਜ਼ ਦੀ ਮੈਂਬਰੀ ਤੋਂ ਸੀਜ ਕਰ ਦਿੱਤਾ ਹੈ।

ਦੂਸਰੇ ਪਾਸੇ ਚੇਅਰਮੈਨ ਹਰੀ ਮਿੱਤਰ ਸੋਂਧੀ ਨੇ ਬਿਆਨ ਜਾਰੀ ਕੀਤਾ ਹੈ ਕਿ ਮੇਰੇ ’ਤੇ ਲੱਗੇ ਦੋਸ਼ ਬੇਬੁਨਿਆਦ ਹਨ, ਮੈਂ ਕਿਸੇ ਵੀ ਸ਼ਕਤੀ ਦੀ ਦੁਰਵਰਤੋਂ ਨਹੀਂ ਕੀਤੀ। ਮੈਂ ਆਪਣੇ ਸਸਪੈਂਨਸ਼ਨ ਦੇ ਫੈਸਲੇ ਵਿਰੁੱਧ ਜਾਇੰਟ ਰਜਿਸਟਰਾਰ ਕੋਅਪਰੇਟਿਵ ਸੋਸਾਈਟੀਜ਼ ਜਲੰਧਰ ਕੋਲ ਅਪੀਲ ਦਾਇਰ ਕੀਤੀ ਹੈ, ਜਿਸ ਦੀ ਸੁਣਵਾਈ ਅਗਲੇ ਹਫ਼ਤੇ ਹੋਣੀ ਹੈ।

## ਰੂਸ ਨੇ ਵੀ ਦੂਰ-ਦੁਰਾਡੇ ਦੇ ਪੂਰਬੀ ਇਲਾਕੇ ਵਿੱਚ ਫੌਜੀ ਮੌਜੂਦਗੀ ਵਧਾਈ

ਮਾਸਕੋ, 21 ਸਤੰਬਰ (ਪੋਸਟ ਬਿਊਰੋ)- ਏਸ਼ੀਆ ਪ੍ਰਸ਼ਾਂਤ ਖੇਤਰ ਵਿੱਚ ਅਮਰੀਕਾ ਤੇ ਚੀਨ ਤੋਂ ਬਾਅਦ ਰੂਸ ਨੇ ਵੀ ਦੂਰ-ਦੁਰਾਡੇ ਵਾਲੇ ਇਲਾਕਿਆਂ ਵਿੱਚ ਆਪਣੀ ਫੌਜੀ ਮੌਜੂਦਗੀ ਵਧਾ ਦਿੱਤੀ ਹੈ। ਰੂਸ ਦੇ ਰੱਖਿਆ ਮੰਤਰੀ ਸਰਗੇਈ ਸ਼ੋਇਗੂ ਨੇ ਕਿਹਾ ਕਿ ਵੱਧਦੇ ਭੂਮੀ-ਰਾਜਨੀਤਕ ਤਣਾਅ ਦੇ ਮੱਦੇ ਨਜ਼ਰ ਦੂਰ-ਦੁਰਾਡੇ ਵਾਲੇ ਪੂਰਬੀ ਇਲਾਕੇ ਵਿਚ ਰੂਸ ਆਪਣੀ ਫੌਜੀ ਮੌਜੂਦਗੀ ਨੂੰ ਹੋਰ ਮਜ਼ਬੂਤ ਕਰੇਗਾ। ਰੂਸ ਦੇ ਇਸ ਕਦਮ ਨਾਲ ਬੇਲਾਰੂਸ, ਕ੍ਰੀਮੀਆ ਅਤੇ ਮੱਧ ਏਸ਼ੀਆ ਤੋਂ ਬਾਅਦ ਦੂਰ-ਦੁਰਾਡੇ ਵਾਲੇ ਪੂਰਬ ਵਿੱਚ ਵੀ ਦੋਹਾਂ ਦੇਸ਼ਾਂ ਵਿਚਾਲੇ ਤਣਾਅ ਵੱਧ ਸਕਦਾ ਹੈ ਅਤੇ ਇਸ ਨਾਲ ਇੱਕ ਵਾਰ ਫਿਰ ਦੁਨੀਆ ਵਿੱਚ ਸੀਤ ਯੁੱਗ ਦਾ ਖਤਰਾ ਵੱਧ ਗਿਆ ਹੈ।

ਦੂਜੇ ਪਾਸੇ ਪੂਰਬੀ ਸੀਰੀਆ ਵਿੱਚ ਗਸ਼ਤ ਕਰਦੇ ਅਮਰੀਕੀ ਅਤੇ ਰੂਸੀ ਫੌਜੀਆਂ ਵਿਚਾਲੇ ਇਸ ਸਾਲ ਮੁਠ-ਭੇੜ ਦੀਆਂ ਘਟਨਾਵਾਂ ਵਧੀਆਂ ਹਨ। ਪਿਛਲੇ ਮਹੀਨੇ ਦੋਹਾਂ ਫੌਜਾਂ ਵਿਚਾਲੇ ਸਭ ਤੋਂ ਗੰਭੀਰ ਸੰਘਰਸ਼ ਉਦੋਂ ਹੋਇਆ ਜਦੋਂ ਰੂਸੀ ਵਾਹਨਾਂ ਨੇ ਇੱਕ ਹਲਕੇ ਬਖ਼ਤਰਬੰਦ ਅਮਰੀਕੀ ਫੌਜੀ ਵਾਹਨ ਉਤੇ ਹਮਲਾ ਕੀਤਾ। ਇਸ ਹਮਲੇ ਵਿੱਚ ਚਾਰ ਅਮਰੀਕੀ ਜ਼ਖ਼ਮੀ ਹੋ ਗਏ ਸਨ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
Lic#10584
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton
ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

ShergGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

## ਅੱਜ ਨਾਮਾ

ਹਰ ਇੱਕ ਸੜਕ ਦੇ ਉੱਤੇ ਨੇ ਲੋਕ ਬੈਠੇ,
ਵਧਦਾ ਜਾਂਦਾ ਕਿਸਾਨਾਂ ਦਾ ਰੋਸ ਮਿੱਤਰ।
ਕਰਦੀ ਚੁਣੀ ਸਰਕਾਰ ਹੈ ਬਹੁਤ ਧੱਕਾ,
ਐਸੀ ਚੋਣ ਦਾ ਬੜਾ ਅਫਸੋਸ ਮਿੱਤਰ।
ਜਿਹੜੀ ਬਾਤ ਕਿਸਾਨ ਆ ਪਏ ਕਹਿੰਦੇ,
ਸੁਣੀ ਇਹ ਨਹੀਂ ਕਦੇ ਵੀ ਓਸ ਮਿੱਤਰ।
ਜਿਹੜੀ ਗੱਲ ਸਰਕਾਰ ਨੇ ਆਪ ਆਖੀ,
ਉਹਦੇ ਵਿੱਚ ਨਾ ਤੱਤ ਹੈ ਠੋਸ ਮਿੱਤਰ।
ਨੰਗਾ-ਚਿੱਟਾ ਹੀ ਧੱਕਾ ਹੈ ਹੋਈ ਜਾਂਦਾ,
ਜੀਣਾਦਿੱਤਾ ਈ ਕਰ ਹਰਾਮ ਮਿੱਤਰ।
ਅੱਧੇ-ਮੋਏ ਨੂੰ ਮਾਰਨ ਸਰਕਾਰ ਲੱਗੀ,
ਲੱਗੀ ਕਰਨ ਹੈ ਕਾਮ ਤਮਾਮ ਮਿੱਤਰ।

**ਤੀਸ ਮਾਰ ਖਾਂ**

# ਮੋਦੀ ਸਰਕਾਰ ਨੇ ਕਣਕ ਦਾ ਸਮਰਥਨ ਮੁੱਲ 50 ਰੁਪਏ ਕੁਇੰਟਲ ਵਧਾਇਆ

## * ਅਮਰਿੰਦਰ ਨੇ ਸਮਰਥਨ ਮੁੱਲਦੇ ਵਾਧੇ ਨੂੰ ਕੋਝਾ ਮਜ਼ਾਕ ਕਿਹਾ * ਸਮੱਰਥਨ ਮੁੱਲ ਵਿੱਚ ਵਾਧਾ ਅਕਾਲੀ ਦਲ ਵੱਲੋਂ ਵੀ ਰੱਦ

ਨਵੀਂ ਦਿੱਲੀ, 21 ਸਤੰਬਰ, (ਪੋਸਟ ਬਿਊਰੋ)- ਜਦੋਂ ਭਾਰਤ ਸਰਕਾਰ ਦੇ ਖੇਤੀ ਬਿਲਾਂ ਕਾਰਨਪਾਰਲੀਮੈਂਟਤੋਂ ਸੜਕ ਤਕ ਸਿਆਸੀ ਘਮਸਾਨ ਮੱਚਿਆ ਪਿਆ ਅਤੇ ਕਿਸਾਨ ਸੰਗਠਨ ਤੇ ਵਿਰੋਧੀ ਧਿਰਾਂ ਦੇ ਆਗੂ ਮੋਦੀਸਰਕਾਰ ਉੱਤੇ ਘੱਟੋ-ਘੱਟ ਸਮਰਥਨ ਮੁੱਲ (ਐੱਮ ਐੱਸ ਪੀ) ਖ਼ਤਮ ਕਰਨ ਦੇਦੋਸ਼ ਲਾ ਰਹੇ ਹਨ, ਓਦੋਂਕੇਂਦਰ ਸਰਕਾਰ ਨੇ ਅਗਲੇ ਹਾੜੀ ਸੀਜ਼ਨ ਦੇ ਲਈ ਫ਼ਸਲਾਂ ਦੇ ਐੱਮ ਐੱਸ ਪੀ ਵਿਚ ਵਾਧੇ ਦਾ ਐਲਾਨ ਕਰ ਦਿੱਤਾ ਹੈ, ਪਰ ਇਸ ਨੂੰ ਹੋਰਨਾਂ ਵਿਰੋਧੀ ਪਾਰਟੀਆਂ ਦੇ ਨਾਲ ਹੀ ਅਕਾਲੀ ਦਲ ਨੇ ਵੀ ਇਹ ਕਹਿ ਕੇ ਰੱਦ ਕਰ ਦਿੱਤਾ ਹੈ ਕਿ ਇਹ ਬਹੁਤ ਘੱਟ ਹੈ।

ਅੱਜ ਸੋਮਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਹੇਠ ਆਰਥਿਕ ਮਾਮਲਿਆਂ ਬਾਰੇਕੈਬਨਿਟ ਕਮੇਟੀ (ਸੀਸੀਈਏ) ਦੀ ਮੀਟਿੰਗ ਵਿਚ ਹਾੜੀ ਸੀਜ਼ਨ ਦੀਆਂ ਫ਼ਸਲਾਂ ਦੇ ਐੱਮ ਐੱਸ ਪੀਨੂੰ ਪ੍ਰਵਾਨਗੀ ਦੇ ਦਿੱਤੀ ਗਈ। ਇਸ ਮੀਟਿੰਗ ਵਿਚ ਹੋਏ ਫ਼ੈਸਲੇ ਬਾਰੇ ਕੇਂਦਰੀ ਖੇਤੀ ਮੰਤਰੀ ਨਰੇਂਦਰ ਸਿੰਘ ਤੋਮਰ ਨੇ ਲੋਕ ਸਭਾ ਵਿਚ ਐਲਾਨ ਕਰਦਿਆਂ ਕਿਹਾ ਕਿ ਕਣਕ ਦਾਘੱਟੋ-ਘੱਟ ਖਰੀਦ ਮੁੱਲ ਵਿਚ 50 ਰੁਪਏ ਪ੍ਰਤੀ ਕੁਇੰਟਲ ਵਧਾਇਆ ਗਿਆ ਹੈ, ਜਿਹੜਾ ਅਗਲੇ ਸਾਲ ਦੇ ਲਈ 1975 ਰੁਪਏ ਪ੍ਰਤੀ ਕੁਇੰਟਲ ਹੋ ਜਾਵੇਗਾ। ਜੌਂਆਂ ਦਾ ਮੁੱਲ 1525 ਤੋਂ ਵਧਾ ਕੇ 16 ਸੌ ਰੁਪਏ ਪ੍ਰਤੀ ਕੁਇੰਟਲ ਕਰ ਦਿੱਤਾ ਗਿਆ ਹੈ।ਦਾਲਾਂ ਵਿਚੋਂ ਛੋਲਿਆਂ ਦਾ ਮੁੱਲ 225 ਰੁਪਏ ਕੁਇੰਟਲ ਵਧਾ ਕੇ 5100 ਰੁਪਏ ਅਤੇ ਮਸਰ ਦੀ ਕੀਮਤ ਵਿਚ 300 ਰੁਪਏ ਕੁਇੰਟਲ ਵਾਧਾ ਕਰ ਕੇ 4800 ਰੁਪਏ ਤੋਂ 5100 ਰੁਪਏ ਕਰ ਦਿੱਤਾ ਹੈ। ਹਾੜੀ ਸੀਜ਼ਨ ਦੀ ਪ੍ਰਮੁੱਖ ਫ਼ਸਲ ਸਰੋਂ ਦਾ ਮੁੱਲਵੀ 4425 ਰੁਪਏ ਕੁਇੰਟਲ ਤੋਂ ਵਧਾ ਕੇ 4650 ਰੁਪਏ ਕਰ ਦਿੱਤਾ ਗਿਆ ਹੈ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਣਕ ਅਤੇ ਹਾੜ੍ਹੀ ਦੀਆਂ ਹੋਰ ਪੰਜ ਫਸਲਾਂ ਦੇ ਭਾਅ ਵਿੱਚ ਕੀਤੇ ਨਿਗੂਣੇ ਵਾਧੇ ਨੂੰ ਕੋਝਾ ਮਜ਼ਾਕ ਆਖਿਆ ਹੈ। ਉਨ੍ਹਾਂ



ਕਿਹਾ ਕਿ ਪਾਰਲੀਮੈਂਟ ਵਿੱਚ ਨਵੇਂ ਖੇਤੀ ਬਿੱਲ ਪਾਸ ਹੋਣ ਦੌਰਾਨ ਘੱਟੋ-ਘੱਟ ਸਮਰਥਨ ਮੁੱਲ ਖਤਮ ਹੋਣ ਬਾਰੇ ਕਿਸਾਨਾਂ ਵਿੱਚ ਵੱਧ ਰਹੇ ਸ਼ੱਕਦੇ ਹੁੰਦਿਆਂ ਵੀ'ਫਸਲਾਂ ਦੇ ਭਾਅ ਵਿੱਚ ਇਹ ਮਾਮੂਲੀ ਵਾਧਾ ਕਰਨਾ ਇੱਕ ਬੇਰਹਿਮ ਕਦਮ ਹੈ ਤੇ ਕੇਂਦਰ ਨੇ ਖੇਤੀ ਬਿੱਲਾਂ ਉੱਤੇ ਕਿਸਾਨਾਂ ਦੇ ਰੋਸ ਪ੍ਰਦਰਸ਼ਨਾਂ ਦਾ ਮਜ਼ਾਕ ਉਡਾਇਆ ਹੈ। ਖੇਤੀ ਬਿੱਲ ਆਖ਼ਰ ਨੂੰਘੱਟੋ-ਘੱਟ ਸਮਰਥਨ ਮੁੱਲ ਦਾ ਅੰਤ ਕਰਨ ਤੇ ਭਾਰਤੀ ਖੁਰਾਕ ਨਿਗਮ (ਐੱਫ ਸੀ ਆਈ) ਦੇ ਖਾਤਮੇ ਲਈ ਰਾਹ ਸਾਫ਼ ਕਰ ਦੇਣਗੇ।' ਅਮਰਿੰਦਰ ਸਿੰਘ ਨੇ ਕਿਹਾ ਕਿ ਜੇ ਭਾਜਪਾ ਦੀ ਅਗਵਾਈ ਵਾਲੀ ਐਨ ਡੀ ਏ ਸਰਕਾਰ ਸੋਚਦੀ ਹੈ ਕਿ ਉਹ ਕਣਕ ਦੇ ਭਾਅ ਵਿੱਚ ਤੁੱਛ ਵਾਧੇ ਨਾਲ ਸੜਕਾਂ ਉੱਤੇਆ ਚੁੱਕੇ ਕਿਸਾਨਾਂ ਦਾ ਰੋਹ ਸ਼ਾਂਤ ਕਰ ਲਵੇਗੀ ਤਾਂ ਜ਼ਮੀਨੀ ਹਕੀਕਤਾਂਤੋਂ ਪੂਰੀ ਤਰ੍ਹਾਂ ਅਣਜਾਣ ਹੈ। ਉਨ੍ਹਾਂ ਕੇਂਦਰ ਸਰਕਾਰ ਨੂੰ ਕਿਹਾ, 'ਤੁਸੀਂਉਸ ਕਿਸਾਨ ਨੂੰ ਖੁਸ਼ ਕਰਨ ਦੀਆਂ ਚਾਲਾਂ ਚੱਲ ਰਹੇ ਹੋ, ਜਿਹੜਾ ਤੁਹਾਡੇ ਸ਼ਰਮਨਾਕ ਕਦਮਾਂ ਕਾਰਨਆਪਣੀ ਰੋਜ਼ੀ-ਰੋਟੀ ਗੁਆ ਲੈਣਦੇ ਕੰਢੇ ਹੈ।' ਉਨ੍ਹਾ ਕਿਹਾ ਕਿ ਕਿਸਾਨ ਮੰਗ ਕਰਦੇ ਹਨ ਕਿ ਉਨ੍ਹਾਂ ਨੂੰ ਲਿਖਤੀ ਗਾਰੰਟੀ ਦਿੱਤੀ ਜਾਵੇ ਕਿ ਘੱਟੋ-ਘੱਟ ਸਮਰਥਨ ਕੀਮਤ ਨਾਲ ਛੇੜਛਾੜ ਨਹੀਂ ਕੀਤੀ ਜਾਵੇਗੀ, ਪਰ ਕੇਂਦਰ ਸਰਕਾਰ ਉਨ੍ਹਾਂ ਨੂੰ ਨਿਕੰਮੀਆਂ ਪੇਸ਼ਕਸ਼ਾਂ ਕਰ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਕੇਂਦਰ ਸਰਕਾਰ ਤਾਂ ਝੋਨੇ ਦੀ ਪਰਾਲੀ ਨਾ ਸਾੜਨ ਵਾਲੇ ਕਿਸਾਨਾਂ ਨੂੰ ਪਰਾਲੀ ਦੇ ਪ੍ਰਬੰਧਲਈ 100 ਰੁਪਏ ਪ੍ਰਤੀ ਕੁਇੰਟਲ ਬੋਨਸ ਦੇਣ ਦਾ ਐਲਾਨ ਕਰਨ ਤੋਂਵੀ ਇਕ ਵਾਰ ਫਿਰ ਨਾਕਾਮ ਰਹੀ ਹੈ।

ਓਧਰ ਬਾਦਲ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੱਜ ਕੇਂਦਰ ਸਰਕਾਰ ਵੱਲੋਂ ਕਣਕ ਦੇ ਆਉਂਦੇ ਸੀਜ਼ਨ ਲਈ ਘੱਟੋ ਘੱਟ ਸਮਰਥਨ ਮੁੱਲ ਵਿਚ 50 ਰੁਪਏ ਦਾ ਵਾਧਾ ਰੱਦ ਕਰ ਦਿੱਤਾ ਹੈ। ਉਨ੍ਹਾ ਨੇ ਇਸ ਵਾਧੇ ਨੂੰ ਨਾਕਾਫੀ ਦੱਸ ਕੇ ਕਿਹਾ ਕਿ ਇਹ ਵਾਧਾ ਉਨ੍ਹਾਂ ਕਿਸਾਨਾਂ ਲਈ ਵੱਡੀ ਮਾਯੂਸੀ ਹੈ, ਜੋ ਪਹਿਲਾਂ ਹੀ ਫਸਲ ਦਾ ਸਹੀ ਭਾਅ ਨਾ ਮਿਲਣ ਦੇ ਖਿਲਾਫ ਸੰਘਰਸ਼ ਕਰ ਰਹੇ ਹਨ। ਉਨ੍ਹਾ ਕਿਹਾ ਕਿ ਕੇਂਦਰ ਸਰਕਾਰ ਵੱਲੋਂਉਨ੍ਹਾਂ ਹੋਰ ਜਿਣਸਾਂ ਦਾ ਐਲਾਨਿਆ ਸਮਰਥਨ ਮੁੱਲ ਬੇਅਰਥ ਹੋ ਜਾਂਦਾ ਹੈ, ਜਿਨ੍ਹਾਂਫਸਲਾਂ ਦੀ ਯਕੀਨੀ ਖਰੀਦ ਦੇ ਪ੍ਰਬੰਧ ਹੀ ਕੋਈਨਹੀਂ। ਉਨ੍ਹਾਂ ਕਿਹਾ ਕਿ ਕਣਕ ਦੇ ਭਾਅ ਵਿੱਚ ਕੀਤੇ ਇਸ ਵਾਧੇ ਨਾਲ ਇਸ ਦੀ ਪੈਦਾਵਾਰ ਉੱਤੇ ਹੁੰਦਾ ਖਰਚ ਵੀ ਪੂਰਾ ਨਹੀਂ ਹੋ ਸਕੇਗਾ।

ਇਸ ਦੌਰਾਨ ਅਕਾਲੀ ਦਲ ਦੇ ਵਫਦ ਨੇ ਅੱਜ ਰਾਸ਼ਟਰਪਤੀ ਰਾਮਨਾਥ ਕੋਵਿੰਦ ਨੂੰ ਮਿਲ ਕੇ ਅਪੀਲ ਕੀਤੀ ਕਿ ਉਹ ਪਾਰਲੀਮੈਂਟਵੱਲੋਂ ਪਾਸ ਕੀਤੇ ਗਏ ਤਿੰਨ ਖੇਤੀ ਬਿੱਲਾਂ ਨੂੰ ਆਪਣੀ ਸਹਿਮਤੀ ਨਾ ਦੇਣ। ਪਾਰਟੀ ਨੇ ਕਿਹਾ ਕਿ ਰਾਸ਼ਟਰਪਤੀ ਇਸ ਮੌਕੇ ਦੇਸ਼ ਦੇ ਕਿਸਾਨਾਂ ਦੇ ਭਲੇ ਲਈ ਅੱਗੇ ਆਉਣ। ਸੋਮਵਾਰ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਅਕਾਲੀ ਦਲ ਦੇ ਵਫ਼ਦ ਨੇ ਰਾਸ਼ਟਰਪਤੀ ਨਾਲ ਮੁਲਾਕਾਤ ਕੀਤੀਤੇ ਕਿਹਾ ਕਿ ਉਹ ਸੰਵਿਧਾਨ ਦੇ ਰਾਖੇ ਵਜੋਂ ਵਿਚ ਕੰਮ ਕਰਨ ਅਤੇ ਕਿਸਾਨ ਅਤੇ ਖੇਤ ਮਜ਼ਦੂਰਾਂ, ਦਲਿਤਾਂ ਦੇ ਬਚਾਅ ਲਈ ਅੱਗੇ ਆਉਣ।

# ਚੀਨ ਵੱਲੋਂ ਅਮਰੀਕੀ ਫ਼ੌਜੀ ਅੱਡੇ ਉੱਤੇ ਨਕਲੀ ਹਮਲੇ ਦਾ ਵੀਡੀਓ ਜਾਰੀ

ਬੀਜਿੰਗ, 21 ਸਤੰਬਰ, (ਪੋਸਟ ਬਿਊਰੋ)- ਚੀਨੀ ਹਵਾਈ ਫ਼ੌਜ ਨੇ ਅਮਰੀਕਾ ਨਾਲ ਤਣਾਅ ਦੌਰਾਨ ਪ੍ਰਸ਼ਾਂਤ ਮਹਾਸਾਗਰ ਵਿਚ ਗੁਆਮ ਖੇਤਰ ਵਿਚਲੇ ਅਮਰੀਕੀ ਫ਼ੌਜੀ ਅੱਡੇ ਉੱਤੇਹਮਲੇ ਦਾ ਨਕਲੀ ਵੀਡੀਓ ਜਾਰੀ ਕੀਤਾ ਹੈ, ਜਿਸ ਵਿਚ ਚੀਨੀ ਫ਼ੌਜ ਨੇ ਆਪਣੇ ਐੱਚ-6 ਐਟਮੀ ਬੰਬਾਰ ਦੀ ਵਰਤੋਂ ਕੀਤੀ ਹੈ। ਇਸ ਨਕਲੀ ਵੀਡੀਓ ਵਿਚ ਇਕ ਬੰਬਾਰ ਬੰਬ ਸੁੱਟਦਾ ਦਿਖਾਈ ਦੇ ਰਿਹਾ ਹੈ। ਇਸ ਵੀਡੀਓ ਨੂੰ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ।

ਵਰਨਣ ਯੋਗ ਹੈ ਕਿ ਪੀਪਲਜ਼ ਲਿਬਰੇਸ਼ਨ ਆਰਮੀ ਨੇ ਵੀਬੋ ਅਕਾਊਂਟ ਉੱਤੇ ਸ਼ਨਿਚਰਵਾਰ ਇਹ ਵੀਡੀਓ ਪੋਸਟ ਕੀਤਾ ਸੀ। ਇਹ ਵੀਡੀਓ ਅਮਰੀਕਾ ਦੇ ਇਕ ਸੀਨੀਅਰ ਅਧਿਕਾਰੀ ਦੀ ਤਾਈਵਾਨ ਯਾਤਰਾ ਬਾਰੇ ਚੀਨ ਦੀ ਖਿੱਝ ਨੂੰ ਪੇਸ਼ ਕਰਦਾ ਹੈ। ਗੁਆਮ ਅਮਰੀਕਾ ਦਾ ਵੱਡਾ ਫ਼ੌਜੀ ਅੱਡਾ ਹੈ, ਜਿੱਥੇ ਉਸ ਦਾਏਅਰਬੇਸ ਵੀ ਹਨ। ਹਿੰਦ-ਪ੍ਰਸ਼ਾਂਤ ਖੇਤਰ ਵਿਚਲੇ ਕਿਸੇ ਸੰਘਰਸ਼ ਦੀ ਸਥਿਤੀ ਵਿਚ ਇਹ ਅਮਰੀਕੀ ਫ਼ੌਜੀ ਅੱਡਾ ਅਹਿਮ ਸਾਬਤ ਹੋ ਸਕਦਾ ਹੈ।

ਚੀਨੀ ਹਵਾਈ ਫ਼ੌਜ ਦਾ ਦੋ ਮਿੰਟ 15 ਸੈਕਿੰਡ ਦਾ ਇਹ ਵੀਡੀਓ ਕਿਸੇ ਹਾਲੀਵੁੱਡ ਫਿਲਮ ਦੇ ਟ੍ਰੇਲਰ ਵਾਂਗ ਲੱਗਦਾ ਹੈ। ਇਸ ਵਿਚ ਚੀਨ ਦਾ ਐੱਚ-6 ਬੰਬਾਰ ਰੇਗਿਸਤਾਨ ਵਿਚਲੇ ਕਿਸੇ ਏਅਰਬੇਸ ਤੋਂ ਉਡਾਣ ਭਰਦਾ ਦਿੱਸਦਾ ਹੈ ਤੇ ਇਸ ਦੇ ਨਾਲ ਆਵਾਜ਼ ਸੁਣਾਈ ਦਿੰਦੀ ਹੈ: 'ਜੰਗ ਦੇ ਦੇਵਤਾ ਐੱਚ-6ਕੇ ਹਮਲਾ ਕਰਨ ਜਾ ਰਹੇ ਹਨ।' ਅੱਗੇ ਦਿਖਾਇਆ ਗਿਆ ਹੈ ਕਿ ਪਾਇਲਟ ਅਸਮਾਨ ਵਿਚ ਇਕ ਬਟਨ ਦਬਾਉਂਦਾ ਹੈ ਅਤੇ ਇਕ ਮਿਜ਼ਾਈਲ ਸਮੁੰਦਰ ਕੰਢੇ ਇਕ ਰਨਵੇ ਉੱਤੇ ਡਿੱਗ ਕੇ ਫਟ ਜਾਂਦੀ ਹੈ। ਇਹ ਮਿਜ਼ਾਈਲ ਰਨਵੇ ਨਾਲ ਵੱਜਦੇ ਸਾਰ ਹੀਇਸ ਦਾ ਇਕ ਸੈਟੇਲਾਈਟ ਫੋਟੋ ਦਿਖਾਇਆ ਜਾਂਦਾ ਹੈ। ਇਹ ਸਥਾਨ ਠੀਕ ਓਸੇ ਤਰ੍ਹਾਂ ਦਿਖਾਈ ਦਿੰਦਾ ਹੈ, ਜਿੱਦਾਂ ਦਾ ਗੁਆਮ ਦਾ ਅਮਰੀਕੀ ਫ਼ੌਜੀ ਅੱਡਾ ਹੈ। ਇਸ ਵੀਡੀਓ ਵਿਚ ਮਿਊਜ਼ਿਕ ਦੀ ਵੀ ਵਰਤੋਂ ਕੀਤੀ ਗਈ ਹੈ ਤੇ ਵੀਡੀਓ ਵਿੱਚ ਕਿਹਾ ਗਿਆ ਹੈ ਕਿ ਅਸੀਂ ਦੇਸ਼ ਦੇ ਆਕਾਸ਼ ਦੇ ਰੱਖਿਅਕ ਹਾਂ, ਅਸੀਂ ਆਪਣੇ ਅਸਮਾਨ ਦੀ ਸੁਰੱਖਿਆ ਕਰਨ ਦਾ ਭਰੋਸਾ ਅਤੇ ਸਮਰੱਥਾ ਰੱਖਦੇ ਹਾਂ। ਇਸ ਵੀਡੀਓ ਬਾਰੇ ਚੀਨੀ ਰੱਖਿਆ ਮੰਤਰਾਲੇ ਅਤੇ ਅਮਰੀਕੀ ਇੰਡੋ-ਪੈਸੇਫਿਕ ਕਮਾਂਡਵੱਲੋਂ ਕੋਈ ਪ੍ਰਤੀਕਿਰਿਆ ਨਹੀਂ ਆਈ।

# ਸਿਹਤ ਕਾਮਿਆਂ ਦੀ ਰਾਖੀ ਕਰਨ ਦੇ ਲਈ ਮਹਾਂਮਾਰੀ ਸੋਧ ਬਿੱਲ ਨੂੰ ਪਾਰਲੀਮੈਂਟ ਦੀ ਮਨਜ਼ੂਰੀ

ਨਵੀਂ ਦਿੱਲੀ, 21 ਸਤੰਬਰ, (ਪੋਸਟ ਬਿਊਰੋ)- ਭਾਰਤੀ ਪਾਰਲੀਮੈਂਟ ਨੇ ਅੱਜ ਸੋਮਵਾਰ ਮਹਾਂਮਾਰੀ (ਸੋਧ) ਬਿੱਲ ਪ੍ਰਵਾਨਕਰ ਲਿਆ ਹੈ, ਜਿਸ ਵਿੱਚ ਮਹਾਂਮਾਰੀਆਂ ਨਾਲ ਜੂਝ ਰਹੇ ਸਿਹਤ ਕਾਮਿਆਂਦੀ ਸੁਰੱਖਿਆ ਦਾ ਪ੍ਰਬੰਧ ਹੈ। ਅੱਜ ਲੋਕਸਭਾ ਵਿੱਚ ਇਸ ਬਿੱਲ ਉੱਤੇ ਚਰਚਾ ਦਾ ਜਵਾਬ ਦਿੰਦੇ ਹੋਏ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਹਰਸ਼ ਵਰਧਨ ਨੇ ਕਿਹਾ ਕਿ ਪਿਛਲੇ 3-4 ਸਾਲਾਂਤੋਂ ਸਾਡੀ ਸਰਕਾਰ ਲਗਾਤਾਰ ਮਹਾਂਮਾਰੀ ਵਰਗੇ ਵਿਸ਼ਿਆਂਨਾਲ ਸਿੱਝਣਨੂੰ ਪਹਿਲ ਦੇ ਰਹੀ ਹੈ। ਉਨ੍ਹਾਂ ਕਿਹਾ, "ਇਸ ਪੱਖੋਂ ਸਰਕਾਰ 'ਰਾਸ਼ਟਰੀ ਜਨਤਕ ਸਿਹਤ ਐਕਟ ਬਣਾਉਣ ਉੱਤੇ ਕੰਮ ਕਰ ਰਹੀ ਹੈ।' ਉਨ੍ਹਾਂ ਕਿਹਾ ਕਿ ਇਸ ਕਾਨੂੰਨ ਬਾਰੇਰਾਜਾਂਦੀ ਰਾਇਮੰਗੀ ਤਾਂ 'ਪਹਿਲਾਂ ਦੋ ਸਾਲਾਂ ਮਸਾਂ ਚਾਰ ਰਾਜਾਂ ਮੱਧ ਪ੍ਰਦੇਸ਼, ਤ੍ਰਿਪੁਰਾ, ਗੋਆ ਤੇ ਹਿਮਾਚਲ ਪ੍ਰਦੇਸ਼ ਤੋਂ ਸੁਝਾਅ ਮਿਲੇ ਸਨ। ਅੱਜ ਸਾਡੇ ਕੋਲ 14 ਰਾਜਾਂਦੇ ਸੁਝਾਅ ਪਹੁੰਚ ਚੁੱਕੇ ਹਨ ਅਤੇ ਰਾਸ਼ਟਰੀ ਜਨ ਸਿਹਤ ਐਕਟ ਬਣਾਉਣ ਦੀ ਪ੍ਰਕਿਰਿਆ ਜਾਰੀ ਹੈ।



ਇਸ ਮੌਕੇ ਉਨ੍ਹਾਂ ਨੇ ਵਾਇਰਸਦੀ ਜਾਂਚ ਲਈ ਜੀਨੋਮ ਸੀਰੀਜ਼ ਤਿਆਰ ਕਰਨ ਸਮੇਤ ਕਈ ਕੰਮਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਪਿਛਲੇ 9 ਮਹੀਨਿਆਂ ਵਿੱਚਕੇਂਦਰ ਨੇ ਰਾਜਾਂ ਨਾਲ ਮਿਲ ਕੇ ਕੋਵਿਡ ਖ਼ਿਲਾਫ਼ ਮੁਹਿੰਮ ਚਲਾਈ ਹੈ ਅਤੇ ਪ੍ਰਧਾਨ ਮੰਤਰੀ ਨੇ ਖੁਦ ਕਈ ਵਾਰ ਰਾਜਾਂ ਦੇ ਮੁੱਖ ਮੰਤਰੀਆਂ ਨਾਲ ਗੱਲਬਾਤ ਕੀਤੀ ਹੈ। ਸਿਹਤ ਮੰਤਰੀ ਦੇ ਜਵਾਬ ਤੋਂ ਬਾਅਦ ਸਦਨ ਨੇ ਕੁਝ ਮੈਂਬਰਾਂ ਦੀ ਸੋਧ ਮਨਜ਼ੂਰ ਕਰਦੇ ਹੋਏ ਬਿੱਲ ਨੂੰ ਮਨਜ਼ੂਰੀ ਦੇ ਦਿੱਤੀ। ਰਾਜ ਸਭਾ ਨੇ ਕੁਝ ਦਿਨ ਪਹਿਲਾਂ ਮਹਾਂਮਾਰੀ (ਸੋਧ) ਬਿੱਲ ਨੂੰ ਮਨਜ਼ੂਰੀ ਦਿੱਤੀ ਸੀ। ਇਹ ਬਿੱਲ ਇਸ ਬਾਰੇ ਜਾਰੀ ਹੋਏ ਆਰਡੀਨੈਂਸ ਦੀ ਥਾਂ ਲਿਆਂਦਾ ਗਿਆ ਹੈ। ਇਹ ਆਰਡੀਨੈਂਸ ਅਪ੍ਰੈਲ ਵਿੱਚ ਜਾਰੀ ਕੀਤਾ ਗਿਆ ਸੀ।

# ਸੁਮੇਧ ਸੈਣੀ ਦੀ ਮੁਲਤਾਨੀ ਕੇਸ ਪੰਜਾਬੋਂ ਬਾਹਰ ਭੇਜਣ ਦੀ ਅਰਜ਼ੀ ਵੀ ਰੱਦ

## * ਕੋਰਟ ਨੇ ਕਿਹਾ; ਕੇਸ ਬਾਹਰ ਭੇਜਣ ਨਾਲ ਹੋਰ ਦੇਰ ਹੋਵੇਗੀ

ਚੰਡੀਗੜ੍ਹ, 21 ਸਤੰਬਰ, (ਪੋਸਟ ਬਿਊਰੋ)- ਇੱਕ ਆਈ ਏ ਐੱਸ ਅਫਸਰ ਦੇ ਪੁਤਰ ਅਤੇ ਚੰਡੀਗੜ੍ਹ ਦੇ ਜੇ ਈ ਬਲਵੰਤ ਸਿੰਘ ਮੁਲਤਾਨੀ ਨੂੰਅਗਵਾ ਕਰ ਕੇ ਕਤਲਕਰਨ ਬਾਰੇ ਸਾਬਕਾ ਡੀਜੀਪੀ ਸੁਮੇਧ ਸਿੰਘ ਸੈਣੀ ਦੇ ਵਿਰੁੱਧ ਦਰਜ ਕੇਸ ਦੀ ਜਾਂਚ ਪੰਜਾਬ ਤੋਂ ਬਾਹਰ ਕਰਵਾਉਣ ਦੀ ਮੰਗ ਰੱਦ ਕਰਦਿਆਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਕਹਿ ਦਿੱਤਾ ਹੈ ਕਿ ਸਾਬਕਾ ਡੀਜੀਪੀ ਖ਼ੁਸ਼ਹਾਲ ਅਤੇ ਸਮਰੱਥ ਹਨ ਅਤੇ ਦੂਜੀ ਥਾਂਬਿਹਤਰ ਵਕੀਲ ਰੱਖ ਕੇ ਆਪਣਾ ਕੇਸ ਲੜ ਸਕਦੇ ਹਨ, ਪਰ ਪੀੜਤ ਧਿਰ ਸ਼ਾਇਦ ਏਦਾਂ ਨਾ ਕਰ ਸਕੇ। ਇਸ ਕਾਰਨ ਸੈਣੀ ਦੀ ਅਰਜ਼ੀ ਰੱਦ ਕਰ ਦਿੱਤੀ ਗਈ ਹੈ।

ਇਸ ਕੇਸ ਦੀ ਜਾਂਚ ਤੇ ਸੁਣਵਾਈ ਨੂੰ ਪੰਜਾਬ ਵਿਚ ਰੱਖੇ ਜਾਣ ਦੇਆਪਣੇ ਫ਼ੈਸਲੇ ਵਿਚ ਹਾਈ ਕੋਰਟ ਨੇ ਕਿਹਾ ਕਿ ਪੰਜਾਬ ਪੁਲਿਸ ਦੀ ਜਾਂਚ ਹੇਠ ਗਵਾਹਾਂ ਲਈ ਆਪਣੀਆਂ ਗਵਾਹੀਆਂ ਦੇਣੀਆਂ ਸੌਖੀਆਂ ਹੋਣਗੀਆਂ ਅਤੇ ਪਹਿਲਾਂ ਹੀ ਏਨੀ ਦੇਰ ਨਾਲ ਸ਼ੁਰੂ ਹੋਏ ਟਰਾਇਲ ਨੂੰ ਸੌਖਾ ਕਰੇਗਾ। ਸੁਮੇਧ ਸੈਣੀ ਵੱਲੋਂਆਪਣੇ ਵਿਰੁੱਧ ਮੋਹਾਲੀ ਦੇ ਮਟੌਰ ਥਾਣੇ ਵਿੱਚ ਦਰਜ ਹੋਏ ਬਲਵੰਤ ਸਿੰਘ ਮੁਲਤਾਨੀ ਨੂੰ ਅਗਵਾ ਕਰ ਕੇ ਮਾਰ ਦੇਣ ਦੇ ਕੇਸਨੂੰ ਰੱਦ ਕਰਨ ਜਾਂ ਇਸ ਦੀ ਜਾਂਚ ਪੰਜਾਬੋਂ ਬਾਹਰ ਕਰਾਉਣ ਦੀ ਪਟੀਸ਼ਨ ਰੱਦ ਕਰ ਕੇ ਕੋਰਟ ਨੇ ਕਿਹਾ ਕਿ ਸੁਮੇਧ ਸੈਣੀ ਦੇ ਕਾਰੇ ਨੇ ਨਾ ਸਿਰਫ਼ ਪੁਲਿਸ ਫੋਰਸ ਨੂੰ ਬਦਨਾਮ ਕੀਤਾ, ਸਗੋਂ ਇਸ ਫੋਰਸ ਵਿਚ ਆਉਣ ਤੋਂ ਪਹਿਲਾਂ ਲੋਕਾਂ ਦੀ ਰਾਖੀ ਲਈ ਚੁੱਕੀ ਸਹੁੰ ਵੀ ਪੂਰੀ ਨਹੀਂ ਕੀਤੀ। ਕੋਰਟ ਨੇ ਕਿਹਾ ਕਿ ਸੈਣੀ ਉੱਤੇ ਪੂਰੇ ਹੋਸ਼-ਹਵਾਸ ਨਾਲ ਅਪਰਾਧ ਕਰਨ ਦਾ ਦੋਸ਼ ਹੈ, ਜੋ ਉਸ ਨੇ ਕਾਨੂੰਨ ਦੇ ਘੇਰੇ ਤੋਂ ਬਾਹਰ ਜਾ ਕੇ ਕੀਤਾ ਹੈ, ਇਸ ਲਈ ਉਸ ਨੂੰ ਬੇਕਸੂਰ ਜਾਂ ਮਾਸੂਮ ਮੰਨ ਕੇ ਕੇਸ ਰੱਦ ਨਹੀਂ ਕੀਤਾ ਜਾ ਸਕਦਾ। ਸੈਣੀ ਨੇ ਇਸ ਅਰਜ਼ੀ ਵਿਚ ਇਹ ਵੀ ਕਿਹਾ ਸੀ ਕਿ ਇਕੋਕੇਸ ਵਿਚ ਦੋ ਸ਼ਿਕਾਇਤਾਂ ਦਰਜ ਨਹੀਂ ਕੀਤੀਆਂ ਜਾ ਸਕਦੀਆਂ।

## ਗੁੰਥੀ ਦੀ ਧੀ ਦੇ ਅਗਵਾ ਦਾ ਮਾਮਲਾ

# ਬਾਦਲ ਅਕਾਲੀ ਦਲ ਵਲੋਂ ਪਾਕਿਸਤਾਨ ਹਾਈ ਕਮਿਸ਼ਨ ਅੱਗੇ ਰੋਸ ਜ਼ੋਰਦਾਰ ਮੁਜ਼ਾਹਰਾ

ਨਵੀਂ ਦਿੱਲੀ, 21 ਸਤੰਬਰ, (ਪੋਸਟ ਬਿਊਰੋ)- ਪਾਕਿਸਤਾਨ ਵਿਚ ਗੁਰ-ਦੁਆਰਾ ਪੰਜਾ ਸਾਹਿਬ ਦੇ ਹੈੱਡ ਗ੍ਰੰਥੀ ਦੀ ਧੀ ਨੂੰ ਅਗਵਾ ਕਰਨ ਦੇ ਖਿਲਾਫਬਾਦਲ ਅਕਾਲੀ ਦਲ ਨੇ ਅੱਜ ਏਥੇ ਪਾਕਿਸਤਾਨ ਹਾਈ ਕਮਿਸ਼ਨ ਅੱਗੇ ਜ਼ੋਰਦਾਰ ਰੋਸ ਮੁਜ਼ਾਹਰਾ ਕਰ ਕੇ ਮੰਗ ਕੀਤੀ ਕਿ ਅਗਵਾ ਕੀਤੀ ਗਈ ਬੁਲਬੁਲ ਕੌਰ ਨੂੰ ਵਾਪਸ ਪਰਿਵਾਰ ਦੇ ਹਵਾਲੇ ਕੀਤਾ ਜਾਵੇ। ਅਕਾਲੀ ਨੇਤਾਵਾਂ ਨੇ ਪਾਕਿਸਤਾਨ ਹਾਈ ਕਮਿਸ਼ਨ ਨੂੰ ਇਸ ਬਾਰੇ ਇਕ ਮੈਮੋਰੈਂਡਮ ਵੀ ਦਿੱਤਾ ਹੈ।

ਅੱਜ ਦੇ ਇਸ ਰੋਸ ਮੁਜ਼ਾਹਰੇ ਵਿਚ ਸ਼ਾਮਲ ਲੋਕਾਂ ਸੰਬੋਧਨ ਕਰਦਿਆਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਅਤੇ ਅਕਾਲੀ ਦਲ ਦੇ ਦਿੱਲੀ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਲੜਕੀ ਦੇ ਪਿਤਾ ਗ੍ਰੰਥੀ ਨੇ ਰੋ-ਰੋ ਕੇ ਸਾਰੀ ਦੁਨੀਆ ਨੂੰ ਆਪਣੀ ਹੱਡਬੀਤੀ ਸੁਣਾਈ ਹੈ। ਉਨ੍ਹਾਂ ਕਿਹਾ ਕਿ ਇਸ ਮਗਰੋਂ ਬੁਲਬੁਲ ਦੀ ਵੀਡੀਓ ਪਾਈ ਗਈ ਕਿ ਉਸਨੇ ਧਰਮ ਤਬਦੀਲੀ ਕਰ ਲਈ ਹੈ। ਅਕਾਲੀ ਆਗੂਆਂ ਨੇ ਕਿਹਾ ਕਿ ਪਾਕਿਸਤਾਨ ਸਰਕਾਰ ਰਾਖਸ਼ ਦਾ ਰੂਪ ਧਾਰ ਚੁੱਕੀ ਹੈ, ਜਿੱਥੇ 17 ਸਾਲਾ ਦੀ ਨਾਬਾਲਗ ਨੂੰ ਪਰਿਵਾਰ ਵਿਚੋਂ ਜ਼ਬਰੀ ਚੁੱਕ ਕੇ ਲੈ ਗਏ ਹਨ ਤੇ 12-13 ਦਿਨ ਉਸਦਾ ਪਤਾ ਨਹੀਂ ਲੱਗਾ ਤੇ ਫਿਰ ਉਸਦਾ ਫੋਨ ਆਇਆ ਕਿ ਉਸਨੂੰ ਜ਼ਬਰੀ ਮਦੱਰਸੇ ਵਿਚ ਰੱਖਿਆ ਹੋਇਆ ਹੈ ਤੇ ਧਰਮ ਬਦਲਣ ਦਾ ਦਬਾਅ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜਿੱਦਾਂ ਜ਼ੁਲਮ ਦਾ ਰਾਜ ਔਰੰਗਜੇਬ ਵੇਲੇ ਸੀ, ਓਸੇ ਤਰ੍ਹਾਂ ਅੱਜ ਪਾਕਿਸਤਾਨ ਵਿੱਚ ਹੈ, ਜਿੱਥੇ ਸਿੱਖਾਂ ਦੀਆਂ ਧੀਆਂ ਅਗਵਾ ਕੀਤੀਆਂ ਜਾ ਰਹੀਆਂ ਹਨ। ਪਹਿਲਾਂ ਨਨਕਾਣਾ ਸਾਹਿਬ ਅਤੇ ਫਿਰਗੁਰਦੁਆਰਾ ਪੰਜਾ ਸਾਹਿਬ ਦੇ ਹੈੱਡ ਗ੍ਰੰਥੀ ਦੀ ਧੀ ਅਗਵਾ ਕਰ ਕੇ ਇਹ ਸੰਦੇਸ਼ ਦੇਣ ਦਾ ਯਤਨ ਕੀਤਾ ਗਿਆ ਹੈ ਕਿ ਸਿੱਖ ਬੱਚੀਆਂ ਖੁਦ ਧਰਮ ਬਦਲ ਰਹੀਆਂ ਹਨ। ਉਨ੍ਹਾਂ ਕਿਹਾ ਕਿ ਅਸੀਂ ਪਾਕਿਸਤਾਨ ਸਰਕਾਰ ਨੂੰ ਵੀ ਕਿਹਾ ਅਤੇ ਅੱਜ ਪਾਕਿਸਤਾਨ ਦੇ ਹਾਈ ਕਮਿਸ਼ਨਰ ਨੂੰ ਵੀ ਮਿਲਣ ਚੱਲੇ ਹਾਂ ਕਿ ਜੇ ਇਸ ਜ਼ਬਰੀ ਧਰਮ ਪਰਿਵਰਤਨ ਦੀ ਲਹਿਰ ਨੂੰ ਪਾਕਿਸਤਾਨ ਸਰਕਾਰ ਬਦਲ ਨਹੀਂ ਸਕਦੀ ਤਾਂ ਉਥੇ ਦੀਆਂ ਸਰਕਾਰਾਂ ਬਦਲ ਦੇਣੀਆਂ ਚਾਹੀਦੀਆਂ ਹਨ।

ਮਨਜਿੰਦਰ ਸਿੰਘ ਸਿਰਸਾ ਨੇ ਦੱਸਿਆ ਕਿ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਨੇ ਜਦੋਂ ਸਿੱਖਾਂ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਿਆ ਤਾਂ ਉਸ ਉੱਤੇ ਦੇਸ਼ਧ੍ਰੋਹ ਦਾ ਕੇਸ ਦਰਜ ਕਰ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਉਸ ਨੇ ਸਿਰਫ ਏਹੀ ਕਿਹਾ ਸੀ ਕਿ ਜਦੋਂ ਸਾਡੀਆਂ 12-13 ਸਾਲ ਦੀਆਂ ਧੀਆਂ ਸਕੂਲ ਜਾਣ ਤਾਂ ਸਾਨੂੰ ਡਰ ਰਹਿੰਦਾ ਹੈ ਕਿ ਪਤਾ ਨਹੀਂ ਵਾਪਸ ਆਉਣਗੀਆਂ ਕਿ ਨਹੀਂ। ਸਿਰਸਾ ਨੇ ਦੱਸਿਆ ਕਿ ਅਫਗਾਨਿਸਤਾਨ ਸਰਕਾਰ ਨੇ ਸਾਡੇ ਲਈ ਹਾਅ ਦਾ ਨਾਅਰਾ ਮਾਰਿਆ ਤੇ ਹਰ ਹੀਲਾ ਕੀਤਾ ਹੈ ਕਿ ਸਿੱਖਾਂ ਨੂੰ ਬਚਾਇਆ ਜਾਵੇ,ਪਰ ਪਾਕਿਸਤਾਨ ਦੀ ਸਰਕਾਰ ਸਿੱਖਾਂ ਨੂੰ ਮਾਰਨ ਤੇ ਭਜਾਉਣ ਉੱਤੇ ਲੱਗੀ ਹੋਈ ਹੈ। 95 ਫੀਸਦੀ ਸਿੱਖ ਇਸ ਵਕਤ ਪਾਕਿ-ਸਤਾਨ ਛੱਡ ਚੁੱਕੇ ਹਨ,ਸਿਰਫ ਨਾ-ਮਾਤਰ ਸਿੱਖ ਰਹਿੰਦੇ ਹਨ ਤਾਂ ਉਨ੍ਹਾਂ ਉੱਤੇ ਵੀ ਤਸ਼ੱਦਦ ਕੀਤੇ ਜਾ ਰਹੇ ਹਨ।




Paramjit Deol
Broker

CELL: 416-993-7378
7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca


"Your neighborhood broker, Call Paramjit Deol Today"

**Mississauga $749,000**

**7089 Torbram Rd:** Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades.

**Vaughan $499,000**

**3210 Highway 7 Rd 5511:** Location, Location! Spacious Layout With Large Balcony Condo For Sale, High Floor. A Place To Live, Work, Sleep & Play. Minutes To Highway 400,401, 407 & Walking Distance To Transit & Subway.

**Kitchener $599,000**

**Westmount/Blockline Rd:** Fabulous Detached Home In Kitchener, 3+1 Bedroom In-Law Suite Finished Bsmt W/Separate Entrance, This Home Offers Great Size Living & Dining Area, Family Size Kitchen W/Breakfast Area, 3 Generous Size Br, Gleaming Wood Floors Throughout The Home.

**Brampton $699,000**

**39 Shiff Cres:** This Is Your Chance 3+1 Bedrooms 3 Storey Townhouse Corner End Unit Feels Like A Semi, Lots Of Sunlight, Double Door Entry. Open Concept, 9Ft Ceiling, Bedroom On Main Floor Back Door Entry Through Backyard,Entrance Garage From Inside.

**MISSISSAUGA $299,000**
Photo Not Available
**7885 Tranmere Dr:** Turn Key Operation, Banquet Hall/ Restaurant Business For Sale, Located In Desirable Area W/ High Density Of Industrial & Commercial Business. Full Size Commercial Kitchen, Thousands Spent On Upgrades. Newer Floors, Bar, Equipment. Very Low rent.

**Mississauga $749,000**

**7089 Torbram Rd :** Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations, Corporate Events & Much More.

**Blandford $349,000**
Photo Not Available
**23 Wilmot St:** Sale Of Business With Property Gas Stations in Blandford-Blenheim Oxford area. For more information Call Paramjit Deol at 905-405-8484.

**Oshawa $659,000**
Photo Not Available
**Simcoe St/Highway 407:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To all amenities.

**Brampton $1,900,000**
Photo Not Available
**115 Orenda Dr:** Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller. Huge Parking Lot That Holds Up To 35 Trucks,Very Low Rent,Tons Of Inventory.

**Brampton $749,000**

**Mississauga Rd/Sandalwood Pkwy :** 3 Bedroom Townhouse End Unit With Finished Walk Out Basement For Sale. Fully Upgraded Home. 9 Ft Ceiling At Main Level. Hardwood Stairs. Granite Counter Top In Main Kitchen. Upgraded Washrooms. Hardwood On The Main Floor. Lots Of Natural Sun Lights.

**Barrie $769,000**

**Ferndale & Edgehill :** Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit,13 Feet High Ceiling In Dining Room Situated On A Ravine Backing With An Extra Deep Lot.

**Oshawa $659,000**
Photo Not Available
**150 Windfields Farm Dr 86:** Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Brampton $789,000**


**124 Cornwall Rd:** Move In Ready Designer Concept,Totally Renovated From Top To Bottom On A Prime 50 Foot Lot With Huge Backyard In A Quiet Mature Neighborhood. This Home Must Be Seen To Appreciate The Quality /Design /Layout & Level Of Finishes. Close To All Amenities.

**Toronto $959,500**

**Queen St/Logan Ave:** Brand New Condo Apartment, 1 Bedroom + Den, 9 Ft Ceiling, Plenty Of Natural Light Approx 784 Sq Ft. **Location, Location 24 Hrs Street Car At Your Door, Nearby Restaurants, Cafes, Shops & All Amenities Don't Miss This Opportunity **** Tenant Willing To Stay Or Vacate.

**New Tecumseth $978,888**

**King St/Industry:** Home With Custom Design Changes, Butlers Pantry, Main Floor Laundry And Added Square Footage! 9' +/- Main Floor Ceilings, Undermount Kitchen Sink, Wall Mount Pot Filler, Entrance To Garage From Home, Hardwood Flooring, Jack And Jill (4Pc Twin Bath) For Bedroom 3 And 4.

**Mississauga $715,000**

**Derry And Mclaughlin:** One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement.

*Canadian punjabi post assumes no responsibility for the accuracy of any information shown. Copyright Ppost 2019



ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa

- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration

We do appeal for Refusal cases also

Sponsor Your Family



MacroGlobal Immigration Services Ltd.
Seema Bhayana
ICCRC



Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

# Ride Ontario's Heritage Railway

SPECIAL RIDES
FALL COLOURS TOURS



SOUTH SIMCOE RAILWAY
ONTARIO'S FIRST STEAM HERITAGE RAILWAY

Starts From Sep 27
Reservation only

ਪੱਤਿਆਂ ਦੇ ਬਦਲਦੇ ਰੰਗਾਂ ਦਾ ਕੁਦਰਤੀ ਨਜਾਰਾ ਯਾਨੀ ਪਤਝੱੜ (Falls) ਦਾ ਇਸ ਵਾਰੀ Beeton Creek Valley ਵਿੱਚ South Simcoe ਦੀ Heritage Train ਰਾਹੀਂ ਆਪਣੇ ਪਰਿਵਾਰ ਸਮੇਤ ਆਨੰਦ ਮਾਣੋ



Ask about on-board Birthday Parties!



ਬਰੈਂਪਟਨ ਤੋਂ ਸਿਰਫ 20 ਮਿੰਟ ਦੀ ਦੂਰੀ ਤੇ

ਪਾਰਕਾਂ ਵਿੱਚ ਪਿਕਨਿਕ ਮਨਾਉਣ ਦਾ ਨਜ਼ਾਰਾ ਲੈਣ ਲਈ: www.tottenhamconservation.com
For complete information, fares & schedules, please visit southsimcoerailway.ca

GPS 44 . 01 . 19 N
79 . 48 . 27 W

or call:905.936.5815

VISA MasterCard Interac



jobs! jobs! jobs! jobs! jobs!

DUNDAS·JAFINE

# HELP WANTED

ਕਾਮਿਆਂ ਦੀ ਲੋੜ

ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ


ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com



ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.

Specialized in Hospital and Medical Insurance for Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7



Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cyclist ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

ਪੰਜਾਬੀ ਪੋਸਟ
Punjabipost.ca
905-793-2202
27 Armthorpe Rd #3,
Brampton, L6T 5M4

Founder Editor: Jagdish Singh Grewal
Managing Director: Parminder Kaur Grewal
Contributing Editors: Gyan Singh; Angrej Singh
Office Admin: Priya Dhillon
Graphic Designer: Priya Dhillon
Photographer: Kanwaljit Singh Kanwal
Distributer: Aman Warraich

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਨਿੱਜੀ ਲੈਬਾਂ ਦੀ ਟੈਸਟਿੰਗ ਸ਼ੱਕੀ ਹੋਣ ਕਾਰਨ ਸਿਹਤ ਵਿਭਾਗ ਕਰਾਸ ਚੈਕਿੰਗ ਕਰੇਗਾ

ਚੰਡੀਗੜ੍ਹ, 21 ਸਤੰਬਰ, (ਪੋਸਟ ਬਿਊਰੋ)- ਕੋਰੋਨਾ ਵਾਇਰਸ ਦੇ ਦੌਰ ਵਿਚ ਪੰਜਾਬ ਸਰਕਾਰ ਨੇ ਨਿੱਜੀ ਲੈਬਾਂ ਨੂੰ ਕੋਰੋਨਾ ਦੇ ਟੈਸਟ ਕਰਨ ਦੀ ਆਗਿਆ ਦਿੱਤੀ ਹੈ, ਪਰ ਇਨ੍ਹਾਂ ਹਸਪਤਾਲਾਂ ਤੇ ਲੈਬਾਂ ਵਿਚ ਹੁੰਦੇ ਟੈਸਟ ਸ਼ੱਕ ਦੇ ਘੇਰੇ ਵਿਚ ਆ ਗਏ ਹਨ। ਨਿੱਜੀ ਲੈਬਾਂ ਵਿਚ ਹੁੰਦੇ ਟੈਸਟ ਵੱਧ ਪਾਜ਼ੇਟਿਵ ਆ ਰਹੇ ਹਨ ਤੇ ਉਹੀ ਟੈਸਟ ਜਦੋਂ ਸਰਕਾਰੀ ਲੈਬ ਵਿਚ ਕੀਤੇ ਜਾਂਦੇ ਹਨ ਤਾਂ ਨੈਗੇਟਿਵ ਆ ਰਹੇ ਹਨ। ਅੰਮ੍ਰਿਤਸਰ ਦੀ ਤੁਲੀ ਲੈਬ ਦੀ ਘਟਨਾ ਕਾਰਨ ਸਿਹਤ ਵਿਭਾਗ ਨੇ ਪਾਜ਼ੇਟਿਵ ਕੇਸਾਂ ਵਾਲੇ-ਚਾਰ ਜ਼ਿਲ੍ਹਿਆਂ ਵਿੱਚ ਕਰਾਸ ਚੈੱਕ ਕਰਨ ਦੇ ਨਿਰਦੇਸ਼ ਸਿਵਲ ਸਰਜਨਾਂ ਨੂੰ ਜਾਰੀ ਕੀਤੇ ਹਨ।



ਪਤਾ ਲੱਗਾ ਹੈ ਕਿ ਸਰਕਾਰੀ ਪੱਧਰ ਉੱਤੇ ਹੁੰਦੇ ਟੈਸਟ ਦੀ ਪਾਜ਼ੇਟਿਵ ਰਿਪੋਰਟ 20 ਫ਼ੀਸਦੀ ਤੇ ਨਿੱਜੀ ਹਸਪਤਾਲਾਂ ਅਤੇ ਲੈਬਾਂ ਦੀ ਪਾਜ਼ੇਟਿਵ ਰਿਪੋਰਟ 35 ਫ਼ੀਸਦੀ ਤਕ ਆ ਰਹੀ ਹੈ। ਇਸ ਸਮੇਂ ਪੰਜਾਬ ਵਿਚ 25 ਤੋਂ 30 ਫ਼ੀਸਦੀ ਕੋਰੋਨਾ ਟੈਸਟ ਨਿੱਜੀ ਲੈਬਾਂ ਵਿਚ ਹੁੰਦੇ ਹਨ। ਇਨ੍ਹਾਂ ਦੀ ਰਿਪੋਰਟ ਬਾਰੇ ਸ਼ੱਕ ਕੀਤਾ ਜਾਂਦਾ ਹੈ। ਤਿੰਨ ਮਹੀਨੇ ਪਹਿਲਾਂ ਅੰਮ੍ਰਿਤਸਰਦੇ ਤੁਲੀ ਡਾਇਗਨੋਸਟਿਕ ਸੈਂਟਰ ਨਾਂ ਦੀ ਨਿੱਜੀ ਲੈਬ ਵਿਚ ਇੱਕਕੇਸ ਫੜਿਆ ਜਾਣ ਵੇਲੇਤੋਂ ਹੀ ਨਿੱਜੀ ਲੈਬਾਂ ਸ਼ੱਕ ਦੇ ਘੇਰੇ ਵਿਚ ਸਨ। ਉਸ ਪਿੱਛੋਂ ਸਿਹਤ ਵਿਭਾਗ ਨੇ ਪਿਛਲੇ ਮਹੀਨੇ ਕੁਝ ਥਾਈਂ ਅਚਾਨਕ ਜਾਂਚ ਕਰਵਾਈ ਤਾਂ ਫ਼ਰਕ ਨਿਕਲੇ ਸਨ, ਪਰ ਇਹ ਫ਼ਰਕ ਮਾਮੂਲੀ ਸਨ, ਜਿਸ ਕਾਰਨ ਵਿਭਾਗ ਨੇ ਕਾਰਵਾਈ ਨਹੀਂਸੀ ਕੀਤੀ। ਇਸ ਪਿੱਛੋਂ ਵੀ ਵਿਭਾਗ ਨੂੰ ਨਿੱਜੀ ਲੈਬਾਂ ਬਾਰੇ ਸ਼ਿਕਾਇਤਾਂ ਮਿਲੀਆਂ ਹਨ।ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਕਿਹਾ ਹੈ ਕਿ ਪੰਜਾਬ ਦੇ ਵੱਖ-ਵੱਖ ਭਾਗਾਂਤੋਂਸ਼ਿਕਾਇਤਾਂ ਆ ਰਹੀਆਂ ਹਨ, ਇਸ ਲਈ ਸਿਵਲ ਸਰਜਨਾਂ ਨੂੰ ਅਚਾਨਕ ਸੈਂਪਲ ਲੈ ਕੇ ਇਸ ਦੀ ਜਾਂਚ ਕਰਨ ਨੂੰ ਕਿਹਾ ਗਿਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦਾ ਪੂਰਾ ਫੋਕਸ ਵੱਧ ਟੈਸਟ ਕਰ ਕੇ ਕੋਰੋਨਾ ਉੱਤੇ ਕੰਟਰੋਲ ਪਾਉਣ ਬਾਰੇ ਹੈ। ਇਸ ਵਿੱਚ ਕੁਝ ਕਾਲੀਆਂ ਭੇਡਾਂ ਜੇ ਪੈਸਾ ਕਮਾਉਣ ਦਾ ਢੰਗ ਵਰਤਣਗੀਆਂ ਤਾਂ ਇਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।

# ਚਰਚ ਵਿੱਚ ਹੁੰਦੇ ਵਿਆਹ ਦੌਰਾਨ ਲੜਕੇ ਦੀ ਪਹਿਲੀ ਜਾਣੂੰ ਲੜਕੀ ਵੱਲੋਂ ਹੰਗਾਮਾ

ਜਲੰਧਰ, 21 ਸਤੰਬਰ (ਪੋਸਟ ਬਿਊਰੋ)- ਇਸ ਸ਼ਹਿਰ ਦੇ ਲੰਮਾ ਪਿੰਡ ਚਰਚ ਵਿੱਚ ਕੱਲ੍ਹ ਸ਼ਾਮ ਓਦੋਂ ਹੰਗਾਮਾ ਹੋ ਗਿਆ, ਜਦੋਂ ਵਿਆਹ ਦੀ ਰਿਸੈਪਸ਼ਨ ਪਾਰਟੀ ਵਿੱਚ ਇੱਕ ਲੜਕੀ ਪਹੁੰਚੀ ਅਤੇ ਲਾੜੇ 'ਤੇ ਦੋਸ਼ ਲਾਇਆ ਕਿ ਉਹ ਪਹਿਲਾਂ ਤੋਂ ਹੀ ਵਿਆਹਿਆ ਹੋਇਆ ਹੈ ਅਤੇ ਉਸ ਲੜਕੀ ਨੇ ਆਪਣੇ ਆਪ ਨੂੰ ਲਾੜੇ ਦੀ ਪਤਨੀ ਦੱਸਿਆ। ਇਸ ਦੇ ਬਾਅਦ ਪਾਰਟੀ ਵਿੱਚ ਹੰਗਾਮਾ ਹੋ ਗਿਆ ਅਤੇ ਥਾਣਾ ਰਾਮਾ ਮੰਡੀ ਪੁਲਸ ਮੌਕੇ 'ਤੇ ਪਹੁੰਚੀ। ਲਾੜੇ ਨੇ ਕਿਹਾ ਕਿ ਉਹ ਲੜਕੀ ਨਾਲ ਲਿਵ ਇਨ ਰਿਲੇਸ਼ਨਸ਼ਿਪ ਵਿੱਚ ਸੀ, ਪਰ ਵਿਆਹ ਨਹੀਂ ਕੀਤਾ। ਕਿਉਂਕਿ ਉਹ ਲੜਕੀ ਸ਼ਰਾਬ ਪੀਣ ਦੀ ਆਦੀ ਸੀ, ਇਸ ਲਈ ਛੱਡ ਦਿੱਤਾ। ਦੋਵਾਂ ਧਿਰਾਂ ਨੂੰ ਥਾਣਾ ਰਾਮਾ ਮੰਡੀ ਦੀ ਪੁਲਸ ਨੇ ਥਾਣੇ ਵਿੱਚ ਬੁਲਾਇਆ ਹੈ।

ਥਾਣਾ ਰਾਮਾ ਮੰਡੀ ਦੀ ਪੁਲਸ ਨੂੰ ਦਿੱਤੇ ਬਿਆਨ ਵਿੱਚ ਰਾਧਿਕਾ ਨਾਂਅ ਦੀ ਲੜਕੀ ਨੇ ਦੋਸ਼ ਲਾਇਆ ਕਿ ਉਸ ਦਾ ਵਿਆਹ 2015 ਵਿੱਚ ਆਕਾਸ਼ ਨਾਲ ਹੋਇਆ ਸੀ ਅਤੇ ਉਹ ਤਿੰਨ ਸਾਲ ਇਕੱਠੇ ਰਹੇ, ਪਰ ਆਕਾਸ਼ ਨੇ ਦੋ ਸਾਲ ਪਹਿਲਾਂ ਉਸ ਨੂੰ ਛੱਡ ਦਿੱਤਾ ਅਤੇ ਕਦੇ-ਕਦੇ ਉਸ ਨੂੰ ਮਿਲਣ ਆਉਂਦਾ ਸੀ। ਕੱਲ੍ਹ ਸਵੇਰੇ ਉਸ ਨੂੰ ਪਤਾ ਲੱਗਾ ਕਿ ਆਕਾਸ਼ ਦਾ ਵਿਆਹ ਚਰਚ ਵਿੱਚ ਕਿਸੇ ਹੋਰ ਲੜਕੀ ਨਾਲ ਹੋ ਰਿਹਾ ਹੈ ਤਾ ਉਹ ਆਪਣੇ ਪਰਵਾਰ ਨਾਲ ਚਰਚ ਵਿੱਚ ਗਈ ਤੇ ਉਨ੍ਹਾਂ ਨੂੰ ਰੋਕਿਆ। ਹੰਗਾਮੇ ਦੀ ਸੂਚਨਾ ਪਿੱਛੋਂ ਰਾਮਾ ਮੰਡੀ ਥਾਣੇ ਦੇ ਏ ਐਸ ਆਈ ਬਲਜੀਤ ਸਿੰਘ ਓਥੇ ਪਹੁੰਚੇ ਤੇ ਦੋਵਾਂ ਧਿਰਾਂ ਦੀ ਗੱਲ ਸੁਣੀ। ਆਕਾਸ਼ ਨੇ ਕਿਹਾ ਕਿ ਉਸ ਨੇ ਰਾਧਿਕਾ ਨਾਲ ਕਦੇ ਵਿਆਹ ਨਹੀਂ ਕੀਤਾ, ਪਰ ਉਹ ਉਸ ਨਾਲ ਕਰੀਬ ਤਿੰਨ ਸਾਲ ਤੋਂ ਲਿਵ ਇਨ ਰਿਲੇਸ਼ਨਸ਼ਿਪ ਵਿੱਚ ਸੀ। ਦੋਸ਼ ਹੈ ਕਿ ਰਾਧਿਕਾ ਸਭਿਆਚਾਰਕ ਪ੍ਰੋਗਰਾਮ ਕਰਦੀ ਸੀ ਜਿਸ ਦੇ ਕਾਰਨ ਅਕਸਰ ਰਾਤ ਨੂੰ ਸ਼ਰਾਬ ਪੀ ਕੇ ਮੁੜਦੀ ਸੀ, ਜਿਸ ਤੋਂ ਉਹ ਪ੍ਰੇਸ਼ਾਨ ਸੀ ਤੇ ਉਹ ਮੋਗੇ ਤੋਂ ਘਰ ਵਾਪਸ ਆ ਗਿਆ। ਉਸ ਨੇ ਕਿਹਾ ਕਿ ਉਸ ਦਾ ਵਿਆਹ ਲਾਕਡਾਊਨ ਵਿੱਚ ਉਸ ਦੇ ਪਰਵਾਰ ਨੇ ਕਰਵ-ਾਇਆ ਸੀ। ਉਨ੍ਹਾਂ ਨੇ ਕੱਲ੍ਹ ਚਰਚ ਵਿੱਚ ਪਾਰਟੀ ਕੀਤੀ ਸੀ ਅਤੇ ਜਦੋਂ ਰਾਧਿਕਾ ਉਥੇ ਆਈ ਅਤੇ ਉਸ ਨੇ ਬਿਨਾਂ ਕਿਸੇ ਤਰ੍ਹਾਂ ਹੰਗਾਮਾ ਕਰਨਾ ਸ਼ੁਰੂ ਕਰ ਦਿੱਤਾ।

# ਆਈ ਪੀ ਐੱਲ ਕ੍ਰਿਕਟ ਵਿਚ ਬੰਗਲੌਰ ਆਰਸੀਬੀ ਨੇ ਹੈਦਰਾਬਾਦ ਟੀਮ ਨੂੰ 10 ਦੌੜਾਂ ਨਾਲ ਹਰਾਇਆ

ਨਵੀਂ ਦਿੱਲੀ, 21 ਸਤੰਬਰ, (ਪੋਸਟ ਬਿਊਰੋ)- ਇੰਡੀਅਨ ਪ੍ਰੀਮੀਅਰ ਲੀਗ ਦਾ ਤੀਜਾ ਮੁਕਾਬਲਾ ਅੱਜ ਰਾਇਲ ਚੈਲੰਜਰਸ ਬੈਂਗਲੌਰ (ਆਰਸੀਬੀ) ਅਤੇ ਸਨਰਾਈਜ਼ਰਸ ਹੈਦਰਾਬਾਦ (ਐੱਸ ਆਰਐੱਚ) ਵਿਚਾਲੇ ਖੇਡਿਆ ਗਿਆ, ਜਿਹੜਾ ਵਿਰਾਟ ਕੋਹਲੀ ਦੀ ਕਪਤਾਨੀ ਵਾਲੀ ਆਰਸੀਬੀ ਟੀਮ ਨੇ ਡੇਵਿਡ ਵਾਰਨਰ ਦੀ ਕਪਤਾਨੀ ਵਾਲੀ ਸਨਰਾਈਜ਼ਰਸ ਹੈਦਰਾਬਾਦ ਦੇ ਖ਼ਿਲਾਫ਼ 10 ਦੌੜਾਂ ਨਾਲ ਜਿੱਤ ਕੇ ਇਸ ਨਾਲ ਟੂਰਨਾਮੈਂਟ ਵਿਚ ਜਿੱਤ ਨਾਲ ਆਗਾਜ਼ ਕੀਤਾ ਹੈ। ਪਹਿਲਾਂ ਬੱਲੇਬਾਜ਼ੀ ਕਰਦੇ ਹੋਏ ਬੈਂਗਲੌਰ ਨੇ 5 ਵਿਕਟਾਂ ਉੱਤੇ 163 ਦੌੜਾਂ ਬਣਾਈਆਂ ਸਨ। ਇਸ ਦੇ ਜਵਾਬ ਵਿਚ ਹੈਦਰਾਬਾਦ ਨੇ 164 ਦੌੜਾਂ ਦੇ ਟੀਚੇ ਦਾ ਪਿੱਛਾ ਕਰਦਿਆਂ ਸਾਰੇ ਵਿਕਟ ਗੁਆ ਲਏ ਅਤੇ ਸਿਰਫ 153 ਦੌੜਾਂ ਬਣਾ ਕੇ ਮੈਚ ਹਾਰ ਗਈ।

# ਲੜਕਾ ਜਾਂ ਲੜਕੀ ਜਾਨਣ ਲਈ ਗਰਭਵਤੀ ਪਤਨੀ ਦਾ ਪੇਟ ਚੀਰ ਦਿੱਤਾ

ਲਖਨਊ, 21 ਸਤੰਬਰ (ਪੋਸਟ ਬਿਊਰੋ)- ਉੱਤਰ ਪ੍ਰਦੇਸ਼ ਦੇ ਬਦਾਊਂ ਵਿੱਚ ਪੰਜ ਧੀਆਂ ਦੇ ਪਿਤਾ ਨੇ ਕੱਲ੍ਹ ਇਹ ਜਾਨਣ ਲਈ ਆਪਣੀ ਗਰਭਵਤੀ ਪਤਨੀ ਦਾ ਪੇਟ ਕੱਟ ਦਿੱਤਾ ਤਾਂ ਕਿ ਇਸ ਵਾਰ ਲੜਕਾ ਪੈਦਾ ਕਰੇਗੀ ਜਾਂ ਲੜਕੀ।

ਸਥਾਨਕ ਪੁਲਸ ਮੁਖੀ ਪ੍ਰਵੀਣ ਸਿੰਘ ਚੌਹਾਨ ਨੇ ਦੱਸਿਆ ਕਿ ਇਹ ਘਟਨਾ ਸਿਵਲ ਲਾਈਨ ਥਾਣਾ ਖੇਤਰ ਦੇ ਤਹਿਤ ਨੇਕਪੁਰ ਇਲਾਕੇ ਵਿੱਚ ਵਾਪਰੀ ਹੈ। ਪੰਨਾ ਲਾਲ ਨਾਂਅ ਦੇ ਵਿਅਕਤੀ ਨੇ ਇੱਕ ਤੇਜ਼ਧਾਰ ਹਥਿਆਰ ਨਾਲ ਆਪਣੀ 35 ਸਾਲਾ ਪਤਨੀ ਦਾ ਪੇਟ ਕੱਟ ਦਿੱਤਾ, ਜਿਸ ਨਾਲ ਉਹ ਗੰਭੀਰ ਜ਼ਖਮੀ ਹੋ ਗਈ। ਪ੍ਰਵੀਣ ਚੌਹਾਨ ਨੇ ਦੱਸਿਆ ਕਿ ਇਸ ਬਾਰੇ ਕੇਸ ਦਰਜ ਕਰਕੇ ਪੰਨਾ ਲਾਲ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਉਨ੍ਹਾਂ ਕਿਹਾ ਕਿ ਪੰਨਾ ਲਾਲ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ ਕਿ ਉਸ ਨੇ ਏਦਾਂ ਕਿਉਂ ਕੀਤਾ। ਜ਼ਖ਼ਮੀ ਮਹਿਲਾ ਨੂੰ ਬਰੇਲੀ ਦੇ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ। ਮਹਿਲਾ ਦੇ ਮਾਤਾ-ਪਿਤਾ ਦਾ ਦੋਸ਼ ਹੈ ਕਿ ਪੰਨਾ ਲਾਲ ਲੜਕਾ ਚਾਹੁੰਦਾ ਸੀ ਅਤੇ ਉਸ ਨੇ ਇਹ ਪਤਾ ਲਾਉਣ ਲਈ ਆਪਣੀ ਪਤਨੀ ਦਾ ਪੇਟ ਕੱਟ ਦਿੱਤਾ ਕਿ ਉਸ ਦੇ ਗਰਭ ਵਿੱਚ ਲੜਕਾ ਹੈ ਜਾਂ ਲੜਕੀ। ਲੋਕ ਮਹਿਲਾ ਨੂੰ ਸਥਾਨਕ ਹਸਪਤਾਲ ਲੈ ਕੇ ਗਏ, ਜਿੱਥੋਂ ਉਸ ਨੂੰ ਬਰੇਲੀ ਹਸਪਤਾਲ ਲਿਜਾਇਆ ਗਿਆ। ਪੁਲਸ ਨੇ ਦੱਸਿਆ ਕਿ ਮਹਿਲਾ 6-7 ਮਹੀਨੇ ਦੀ ਗਰਭਵਤੀ ਸੀ।

# ਗਰੀਬ ਮਜ਼ਦੂਰ ਨੂੰ ਆਵਾਰਾ ਕੁੱਤਿਆਂ ਨੇ ਨੋਚ-ਨੋਚ ਕੇ ਖਾ ਲਿਆ

ਮਾਛੀਵਾੜਾ, 21 ਸਤੰਬਰ (ਪੋਸਟ ਬਿਊਰੋ)- ਥਾਣਾ ਕੂੰਮ ਕਲਾਂ ਹੇਠਲੇ ਪਿੰਡ ਰਜ਼ੂਲ ਨੇੜੇ ਖੇਤ ਮਜ਼ਦੂਰ ਦਲੀਪ ਵਾਸੀ ਚਰਨ ਗਹੀਆ, ਬਲਰਾਮ ਪੁਰ (ਉਤਰ ਪ੍ਰਦੇਸ਼) ਦੀ ਲਾਸ਼ ਸੜਕ ਕਿਨਾਰੇ ਖੇਤਾਂ ਵਿੱਚੋਂ ਮਿਲੀ ਹੈ। ਉਸ ਦੇ ਸਰੀਰ ਦੇ ਅੰਗਾਂ ਨੂੰ ਆਵਾਰਾ ਕੁੱਤਿਆਂ ਨੇ ਨੋਚ-ਨੋਚ ਕੇ ਖਾਧਾ ਹੋਇਆ ਸੀ।

ਮਿਲੀ ਜਾਣਕਾਰੀ ਅਨੁਸਾਰ ਦਲੀਪ ਸਿੰਘ ਹਾੜੀਆਂ ਵਿੱਚ ਪਤਨੀ ਨਾਲ ਰਹਿੰਦਾ ਸੀ ਤੇ ਨੇੜੇ ਪਿੰਡ ਪ੍ਰਿਥੀਪੁਰ ਵਿੱਚ ਇੱਕ ਕਿਸਾਨ ਦੇ ਖੇਤਾਂ ਵਿੱਚ ਕੰਮ ਕਰਦਾ ਸੀ। ਉਹ 14 ਸਤੰਬਰ ਸ਼ਾਮ ਕਿਸਾਨ ਦਾ ਮੋਟਰ ਸਾਈਕਲ ਲੈ ਕੇ ਪਿੰਡ ਰਜ਼ੂਲ ਨੇੜੇ ਖੇਤਾਂ ਵਿੱਚ ਕੰਮ ਕਰਨ ਗਿਆ, ਪਰ ਘਰ ਨਹੀਂ ਪਰਤਿਆ। ਰਾਤੀਂ ਉਸ ਦੀ ਲਾਸ਼ ਸੜਕ ਕਿਨ-ਾਰੇ ਖੇਤਾਂ ਵਿੱਚੋਂ ਮਿਲੀ। ਮੌਕੇ 'ਤੇ ਜਾਂਚ ਲਈ ਪੁੱਜੇ ਕੂੰਮ ਕਲਾਂ ਦੇ ਸਹਾਇਕ ਥਾਣੇਦਾਰ ਹਰਮੀਤ ਸਿੰਘ ਨੇ ਦੱਸਿਆ ਕਿ ਘਟਨਾ ਸਥਾਨ ਤੋਂ ਇੰਝ ਜਾਪਦਾ ਸੀ ਕਿ ਇਹ ਨੌਜਵਾਨ ਮੋਟਰ ਸਾਈਕਲ 'ਤੇ ਸਵਾਰ ਹੋ ਕੇ ਰਜ਼ੂਲ ਤੋਂ ਪਿੰਡ ਪ੍ਰਿਥੀਪੁਰ ਜਾ ਰਿਹਾ ਸੀ ਕਿ ਅਚਾਨਕ ਮੋੜ ਤੋਂ ਉਹ ਖੇਤਾਂ ਵਿੱਚ ਡਿੱਗ ਗਿਆ। ਪੁਲਸ ਅਨੁਸਾਰ ਖੇਤ ਸੜਕ ਤੋਂ ਕਾਫੀ ਨੀਵੇਂ ਹੋਣ ਕਾਰਨ ਇਸ ਹਾਦਸੇ ਦਾ ਕੋਈ ਪਤਾ ਨਹੀਂ ਲੱਗ ਸਕਿਆ। ਜਦੋਂ ਲਾਸ਼ ਦੀ ਜਾਂਚ ਕੀਤੀ ਤਾਂ ਦੇਖਿਆ ਕਿ ਆਵਾਰਾ ਕੁੱਤਿਆਂ ਨੇ ਉਸ ਦੇ ਸਰੀਰ ਦੇ ਕੁਝ ਅੰਗਾਂ ਨੂੰ ਨੋਚ-ਨੋਚ ਕੇ ਖਾਧਾ ਹੋਇਆ ਸੀ। ਪੋਸਟਮ-ਾਰਟਮ ਰਿਪੋਰਟ ਆਉਣ ਤੋਂ ਬਾਅਦ ਹੀ ਮੌਤ ਦੇ ਅਸਲ ਕਾਰਨਾਂ ਬਾਰੇ ਪਤਾ ਲੱਗੇਗਾ। ਪੁਲਸ ਨੇ ਉਤਰ ਪ੍ਰਦੇਸ਼ ਵਿੱਚ ਰਹਿੰਦੇ ਉਸ ਦੇ ਵਾਰਸਾਂ ਨੂੰ ਸੂਚਿਤ ਕਰ ਦਿੱਤਾ ਹੈ।

# ਸਫਰੀ ਸਰੂਪ ਗੁਆਚਣ ਪਿਛੋਂ ਨਵੀਂ ਗੁਰਦੁ-ਆਰਾ ਪ੍ਰਬੰਧਕ ਕਮੇਟੀ ਬਣਾਈ ਗਈ

ਪਟਿਆਲਾ, 21 ਸਤੰਬਰ (ਪੋਸਟ ਬਿਊਰੋ)- ਪਿੰਡ ਕਲਿਆਣ ਦੇ ਗੁਰਦੁਆਰਾ ਅਰਦਾਸਪੁਰਾ ਸਾਹਿਬ ਤੋਂ ਦੋ ਕੁ ਮਹੀਨੇ ਪਹਿਲਾਂ ਪੁਰਾਤਨ ਸਰੂਪ ਚੋਰੀ ਹੋ ਗਿਆ ਸੀ, ਜਿਸ ਦੀ ਜਾਂਚ ਪੁਲਸ ਦੀ ਐਸ ਆਈ ਟੀ ਕਰ ਰਹੀ ਹੈ। ਇਸ ਸੰਬੰਧ ਵਿੱਚ ਓਦੋਂ ਦੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਕਾਫੀ ਕਿੰਤੂ-ਪ੍ਰੰਤੂ ਰਿਹਾ ਹੈ, ਜਿਸ ਨੂੰ ਭੰਗ ਕਰਨ ਲਈ ਕਈ ਦਾਅ-ਪੇਚ ਚੱਲ ਰਹੇ ਸਨ ਪਰ ਪੁਰਾਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹਰਿਆਣਾ ਦੇ ਪ੍ਰਧਾਨ ਸੰਤ ਬਲਜੀਤ ਸਿੰਘ ਦਾਦੂਵਾਲ ਨੂੰ ਆਪਣੇ ਅਸਤੀਫੇ ਸੌਂਪ ਦਿੱਤੇ ਸਨ, ਜਿਨ੍ਹਾਂ ਨੂੰ ਇਸ ਨੂੰ ਮਨਜ਼ੂਰ ਕਰ ਲਿਆ ਗਿਆ ਹੈ। ਦੋ ਮਹੀਨੇ ਬੀਤਣ ਮਗਰੋਂ ਕੱਲ੍ਹ ਗੁਰਦ-ਆਰਾ ਸਾਹਿਬ ਵਿਖੇ ਸੰਤ ਬਲਜੀਤ ਸਿੰਘ ਦਾਦੂਵਾਲ ਦੀ ਅਗਵਾਈ ਹੇਠ ਧਾਰਮਿਕ ਸੰਗਠਨਾ ਦੇ ਆਗੂਆਂ ਦੀ ਹਜ਼ਾਰੀ 'ਚ ਲੰਬਾ ਸਮਾਂ ਚੱਲੀਆਂ ਵੱਖ-ਵੱਖ ਮੀਟਿੰਗਾਂ 'ਚ ਸਰਬ ਸੰਮਤੀ ਨਾਲ ਗੁਰਸਿੱਖ ਆਗੂਆਂ ਦੀ 11 ਮੈਂਬਰੀ ਨਵੀਂ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਈ ਗਈ ਹੈ, ਜਿਸ ਵਿੱਚ ਸੁਰਜੀਤ ਸਿੰਘ, ਜੋਰਾ ਸਿੰਘ ਸਰਪੰਚ, ਸੁਖਦੇਵ ਸਿੰਘ, ਬਿਕਰਮਜੀਤ ਸਿੰਘ ਬਿੱਕਰ, ਮੇਜਰ ਸਿੰਘ ਇੰਦਰਪੁਰਾ, ਬਲਵਿੰਦਰ ਸਿੰਘ ਆਸੇਮਾਜਰਾ, ਹਰਭਜਨ ਸਿੰਘ ਮੱਲੋਮਾਜਰਾ, ਗੁਰਸੇਵਕ ਸਿੰਘ ਹਰਪਾਲਪੁਰ, ਬਲਜੀਤ ਸਿੰਘ ਮੱਖਣ ਟੋਡਰਵਾਲ, ਬਲਜੀਤ ਸਿੰਘ ਚੰਦੂਮਾਜਰਾ ਸ਼ਾਮਲ ਕੀਤੇ ਗਏ ਹਨ। ਇਹ ਗੁਰਦੁਆਰਾ ਕਮੇਟੀ ਨਵੇਂ ਸਿਰੇ ਤੋਂ ਗੁਰਦੁਆਰਾ ਕਲਿਆਣ ਅਰਦਾਸਪੁਰ ਸਾਹਿਬ ਦੀ ਸੰਭਾਲ ਕਰੇਗੀ।

# ਕੋਰੋਨਾ ਦੇ ਕਾਰਨ ਹਵਾਬਾਜ਼ੀ ਦੀ ਆਮਦਨ ਪਹਿਲੀ ਤਿਮਾਹੀ 'ਚ 86 ਫੀਸਦੀ ਘਟੀ

ਨਵੀਂ ਦਿੱਲੀ, 21 ਸਤੰਬਰ (ਪੋਸਟ ਬਿਊਰੋ)- ਕੋਰੋਨਾ ਮਹਾਮਾਰੀ ਦੇ ਦੌਰ 'ਚ ਹਵਾਬਾਜ਼ੀ ਦਾ ਕਾਰੋਬਾਰ ਪ੍ਰਭਾਵਿਤ ਹੋਇਆ ਅਤੇ ਹਜ਼ਾਰਾਂ ਲੋਕਾਂ ਦੀ ਨੌਕਰੀ ਖੁੱਸ ਗਈ ਹੈ। ਪਾਰਲੀਮੈਂਟ 'ਚ ਸਰਕਾਰ ਵੱਲੋਂ ਦਿੱਤੀ ਗਈ ਜਾਣਕਾਰੀ ਮੁਤਾਬਕ ਪਿਛਲੇ ਸਾਲ ਦੀ ਪਹਿਲੀ ਤਿਮਾਹੀ ਦੇ ਮੁਕਾ-ਬਲੇ ਇਸ ਸਾਲ ਭਾਰਤੀ ਵਾਹਕਾਂ ਦਾ ਮਾਲੀਆ ਕਰੀਬ 86 ਫੀਸਦੀ ਘੱਟ ਗਿਆ ਹੈ। ਮਾਹਿਰਾਂ ਦੀ ਰਾਏ 'ਚ ਰੈਗੂਲੇਟਰੀ ਮੁਸ਼ਕਲਾਂ ਕਾਰਨ ਕੰਪਨੀਆਂ ਮੰਦੀ ਦੇ ਇਸ ਦੌਰ 'ਚ ਪੂਰੀ ਸਮਰੱਥਾ ਦੇ ਨਾਲ ਕੰਮ ਨਹੀਂ ਕਰ ਸਕੀਆਂ ਹਨ ਅਤੇ ਇਸ ਵਿੱਚ ਅਜੇ ਵੀ ਕੋਈ ਮੋੜਾ ਨਹੀਂ ਪੈ ਰਿਹਾ। ਹਵਾਬਾਜ਼ੀ ਸੇਵਾਵਾਂ ਨਾਲ ਜੁੜੇ ਕੈਪਟਨ ਅਰਵਿੰਦ ਸਿੰਘ ਨੇ ਦੱਸਿਆ ਹੈ ਕਿ ਕੋਰੋਨਾ ਕਾਲ 'ਚ ਪੂਰੀ ਦੁਨੀਆ ਲਾਕ ਡਾਊਨ ਨਾਲ ਪ੍ਰਭਾਵਿਤ ਰਹੀ ਹੈ, ਪਰ ਭਾਰਤ 'ਚ ਇਸ ਦਾ ਜ਼ਿਆਦਾ ਹੀ ਮਾੜਾ ਅਸਰ ਪਿਆ ਹੈ। ਉਨ੍ਹਾਂ ਕਿਹਾ ਕਿ ਜਦੋਂ ਮੁਸਾਫਰਾਂ ਦੀ ਉਡਾਣ ਦੇ ਬਦਲ ਬੰਦ ਹੋ ਗਏ ਤਾਂ ਦੌਰਾਨ ਦੁਨੀਆ ਦੇ ਕਈ ਦੇਸ਼ਾਂ 'ਚ ਕੰਪਨੀਆਂ ਨੂੰ ਮਾਲ ਢੁਆਈ ਦੀ ਖੁੱਲ੍ਹ ਦਿੱਤੀ ਗਈ ਸੀ, ਜਿਸ ਨਾਲ ਨਾ ਸਿਰਫ ਉਦਯੋਗ ਦੀ ਕਮਾਈ ਦੇ ਨਵੇਂ ਸਾਧਨ ਬਣੇ, ਸਗੋਂ ਰੋਜ਼ਗਾਰ ਦਾ ਸੰਕਟ ਵੀ ਨਹੀਂ ਮਹਿਸੂਸ ਹੋਇਆ। ਉਨ੍ਹਾਂ ਕੋਰੀਅਨ ਏਅਰ ਲਾਈਨਜ਼ ਦੀ ਮਿਸਾਲ ਦੇ ਕੇ ਦੱਸਿਆ ਕਿ ਕੋਰੋਨਾ ਕਾਲ 'ਚ ਵੀ ਕੰਪਨੀ ਨੇ ਲਾਭ ਦਰਜ ਕੀਤਾ ਹੈ ਪਰ ਭਾਰਤ 'ਚ ਕੰਮ ਕਰਦੀਆਂ ਕੰਪਨੀਆਂ ਨੂੰ ਕਾਰੋਬਾਰ ਲਈ ਬਣਾਏ ਨਿਯਮ ਕਾਨੂੰਨਾਂ ਕਾਰਨ ਇਹ ਇਜਾਜ਼ਤ ਮਿਲਣ 'ਚ ਕਾਫੀ ਦੇਰ ਹੋ ਗਈ। ਇਹੀ ਵਜ੍ਹਾ ਹੈ ਕਿ ਇੰਡਸਟਰੀ ਮੁਸ਼ਕਲ ਦੌਰ 'ਚੋਂ ਲੰਘ ਰਹੀ ਹੈ।

ਪਿਛਲੇ ਸਾਲ ਅਪ੍ਰੈਲ ਤੋਂ ਜੂਨ ਤਿਮਾਹੀ ਦੌਰਾਨ ਉਦਯੋਗ ਦਾ ਮਾਲੀਆ 25,517 ਕਰੋੜ ਰੁਪਏ ਸੀ, ਜੋ ਇਸ ਸਾਲ ਦੀ ਪਹਿਲੀ ਤਿਮਾਹੀ 'ਚ 3651 ਕਰੋੜ ਰੁਪਏ ਰਹਿ ਗਿਆ। ਏਅਰਪੋਰਟ ਆਪ੍ਰੇਸ਼ਨਜ਼ ਨਾਲ ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ ਪਹਿਲੀ ਤਿਮਾਹੀ 'ਚ 894 ਕਰੋੜ ਰੁਪਏ ਰਹਿ ਗਿਆ ਹੈ। ਏਅਰ ਇੰਡੀਆ ਦੀ ਕੁੱਲ ਕਮਾਈ ਕਰੀਬ 80 ਫੀਸਦੀ ਘੱਟ ਕੇ 1531 ਕਰੋੜ ਰੁਪਏ 'ਤੇ ਪਹੁੰਚ ਗਈ ਹੈ। ਕਮਾਈ ਘਟਣ ਦਾ ਨੁਕਸਾਨ ਇੰਡਸਟਰੀ 'ਚ ਨੌਕਰੀਆਂ 'ਤੇ ਵੀ ਦੇਖਣ ਨੂੰ ਮਿਲ ਰਿਹਾ ਹੈ। ਹਵਾਬਾਜ਼ੀ ਖੇਤਰ 'ਚ ਤੇਜ਼ੀ ਨਾਲ ਬੇਰੋਜ਼ਗਾਰੀ ਵਧੀ ਹੈ।

ਫਾਰਮ ਵਿਚ ਕਾਮਿਆਂ ਦੀ ਲੋੜ
ਬਰੈਂਪਟਨ ਦੇ ਏਰੀਆ ਤੋਂ ਫਾਰਮ ਵਿਚ ਕੰਮ ਕਰਨ ਲਈ ਆਦਮੀਆਂ ਅਤੇ ਔਰਤਾਂ ਦੀ ਲੋੜ ਹੈ। ਇਸ ਤੋਂ ਇਲਾਵਾ ਫੈਕਟਰੀ ਵਿਚ ਪੈਕਿੰਗ ਕਰਨ ਲਈ ਕਾਮਿਆਂ ਦੀ ਵੀ ਲੋੜ ਹੈ। ਮੁਫ਼ਤ ਰਾਈਡ ਦਿੱਤੀ ਜਾਵੇਗੀ ਤੇ ਵਧੀਆ ਪੇਅ ਕੀਤਾ ਜਾਵੇਗਾ। ਹਫ਼ਤੇ ਦੇ ਛੇ ਦਿਨ ਕੰਮ ਮਿਲੇਗਾ।
ਸੰਪਰਕ: 647 765 4145

MARVES HARDWOOD FLOORING
Services:
Fence - Hardwood Flooring
Stairs - Small Renovation
John
416-787-6551

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੁਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

ਹੋਟਲ ਵਿਚ ਕਲੀਨਿੰਗ ਦਾ ਕੰਮ ਕਰਨ ਲਈ ਇਕ ਔਰਤ ਦੀ ਜ਼ਰੂਰਤ
*ਵਧੀਆ ਘੰਟੇ
*15.50 ਡਾਲਰ ਪ੍ਰਤੀ ਘੰਟਾ ਰੇਟ
Locahon Kipling & Queensway (Etobicoke)
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
416-816-1695

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਲੇਡੀ ਇੰਸਟ੍ਰਕਟਰ
- ਮੁਫਤ ਪਿਕਅਪ ਅਤੇ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ
647-998-7500 ਬਲਵਿੰਦਰ

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal, Co-Host
Iqbal Mahal, Producer & Host
Serving the South Asian Community Since 1976

GREAT OPPOURTUNITY TO INVEST IN NIAGRA FALLS
- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months
Starting from low 400,000
✓ Freehold ✓ 25x100ft lot
✓ Individual Yard & Driveway ✓ Finished Basement
40k Deposit Structure: $10,000 Submitted with offer; $10,000 Submitted 90 days after Offer Date; $20,000 Submitted 150 days after Offer Date
Jagdish Grewal, Sales Representative
Residential | Commercial | Investment
(416) 970-5005
Century 21 President Realty Inc. Brokerage
www.vipcondonetwork.com
27 Armthorpe Rd Brampton #3, ON L6T 5M4 | Fax : 905-488-2101
Office: 905-488-2100 Ext. 348

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

PUNJABI RANG RADIO
CAIO 530AM
11pm-12am
Every Saturday
Chamkaur Singh, Producer/ Host
Cell: 416 662 1313
Email: punjabirang13@hotmail.com

# ਸਭ ਤੋਂ ਵੱਡੇ ਲੋਕਤੰਤਰ ਵਿੱਚ ਲੋਕਾਂ ਦੇ ਨੁਮਾਇੰਦਿਆਂ ਦੀ ਖਰੀਦੋ-ਫਰੋਖਤ

-ਲਕਸ਼ਮੀਕਾਂਤਾ ਚਾਵਲਾ

ਕਦੇ-ਕਦੇ ਚੰਗੀ ਖਬਰ ਮਿਲਦੀ ਹੈ। ਸਰਕਾਰੀ ਸੂਤਰਾਂ ਤੋਂ ਕੇਂਦਰ ਸਰਕਾਰ ਦੇ ਇਸ ਫੈਸਲੇ ਦੀ ਜਾਣਕਾਰੀ ਮਿਲੀ ਕਿ ਭਾਰਤ ਸਰਕਾਰ ਬਹੁਤ ਸਾਰੇ ਸੁਸਤ ਤੇ ਭ੍ਰਿਸ਼ਟ ਅਫਸਰਾਂ ਨੂੰ ਜਬਰੀ ਸੇਵਾਮੁਕਤ ਕਰੇਗੀ। ਸਰਕਾਰ ਦਾ ਮਕਸਦ ਤਾਂ ਯਕੀਨਨ ਇਹ ਹੈ ਕਿ ਪ੍ਰਸ਼ਾਸਕੀ ਕੰਮਾਂ ਵਿੱਚ ਢਿੱਲ-ਮੱਠ ਅਤੇ ਭ੍ਰਿਸ਼ਟਾਚਾਰ ਨੂੰ ਖਤਮ ਕੀਤਾ ਜਾਵੇ। ਇਸ ਤੋਂ ਪਹਿਲਾਂ ਵੀ ਪਿਛਲੇ ਕਾਰਜਕਾਲ ਵਿੱਚ ਨਰਿੰਦਰ ਮੋਦੀ ਦੀ ਸਰਕਾਰ ਨੇ ਕਈ ਉੱਚ ਅਫਸਰਾਂ ਨੂੰ ਜਬਰੀ ਰਿਟਾਇਰ ਕੀਤਾ ਸੀ। ਸਵਾਲ ਇਹ ਹੈ ਕਿ ਇਹ ਉੱਚ ਅਧਿਕਾਰੀ ਭ੍ਰਿਸ਼ਟ ਅਤੇ ਸੁਸਤ ਕਿਉਂ ਹੋ ਜਾਂਦੇ ਹਨ? ਸਹੀ ਤਾਂ ਇਹ ਹੈ ਕਿ ਬਹੁਤ ਵੱਡੀ ਗਿਣਤੀ ਵਿੱਚ ਸਾਡੇ ਅਧਿਕਾਰੀ ਦੇਸ਼ ਤੇ ਜਨਤਾ ਦੀ ਸੇਵਾ ਲਈ ਸਰਕਾਰੀ ਨੌਕਰੀ ਵਿੱਚ ਆਉਂਦੇ ਹਨ, ਕੰਮ ਕਰਦੇ ਹਨ, ਪਰ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਉਨ੍ਹਾਂ ਦੀ ਗਿਣਤੀ ਵੀ ਘੱਟ ਨਹੀਂ, ਜੋ ਸਰਕਾਰੀ ਨੌਕਰੀ ਵਿੱਚ ਆਉਣ ਦੇ ਨਾਲ ਹੀ ਵੱਡੇ ਸਾਹਿਬ ਬਣ ਜਾਂਦੇ ਹਨ। ਨੌਕਰਸ਼ਾਹੀ ਦੀ ਥਾਂ ਅਫਸਰਸ਼ਾਹੀ ਲੈ ਲੈਂਦੀ ਹੈ। ਆਪਣਾ ਰੋਹਬ ਜਨਤਾ ਤੇ ਜੂਨੀਅਰ ਅਫਸਰਾਂ 'ਤੇ ਝਾੜਦੇ ਰਹਿੰਦੇ ਹਨ। ਬੇਸ਼ੱਕ ਸ਼ਾਸਕਾਂ ਵਿੱਚ ਅਰਥਾਤ ਲੋਕ ਨੁਮਾਇੰਦਿਆਂ ਵਿੱਚੋਂ ਕੋਈ ਨਾ ਕੋਈ ਇਨ੍ਹਾਂ ਦਾ ਮਾਈ-ਬਾਪ ਤੋਂ ਵੀ ਵੱਡੇ ਹੋ ਜਾਂਦੇ ਹਨ। ਉਨ੍ਹਾਂ ਨੂੰ ਆਪਣੇ ਇਸ਼ਾਰਿਆਂ 'ਤੇ ਨਚਾਉਂਦੇ ਹਨ।

ਸਵਾਲ ਇਹ ਹੈ ਕਿ ਕੁਝ ਸੁਸਤ, ਭ੍ਰਿਸ਼ਟ ਅਫਸਰਾਂ ਨੂੰ ਪਛਾਣ ਕੇ ਉਨ੍ਹਾਂ ਨੂੰ ਸੇਵਾਮੁਕਤ ਕਰਨ ਨਾਲ ਕੀ ਇਹ ਦੇਸ਼ ਭ੍ਰਿਸ਼ਟਾਚਾਰ ਮੁਕਤ ਹੋ ਜਾਵੇਗਾ? ਹੋ ਜਾਵੇ ਤਾਂ ਬੜੀ ਚੰਗੀ ਗੱਲ ਹੈ, ਪਰ ਚੇਤੇ ਰੱਖਣਾ ਹੋਵੇਗਾ ਕਿ ਭ੍ਰਿਸ਼ਟਾਚਾਰ ਅਮਰ ਵੇਲ ਵੇਲ ਹੈ ਜਨਾਬ, ਜੋ ਉਪਰੋਂ ਹੇਠਾਂ ਨੂੰ ਜਾਂਦੀ ਹੈ। ਅੱਜ ਉਪਰ ਵਾਲੇ ਲੋਕਤੰਤਰ ਦੇ ਸਵਾਮੀ, ਪਾਰਲੀਮੈਂਟ ਮੈਂਬਰ ਅਤੇ ਵਿਧਾਨ ਸਭਾਵਾਂ ਵਿੱਚ ਬੈਠੇ ਸਾਡੇ ਲੋਕ ਨੁਮਾਇੰਦੇ ਬਹੁਤ ਵੱਡੀ ਗਿਣਤੀ ਵਿੱਚ ਦਾਗੀ ਹਨ, ਦੋਸ਼ੀ ਹਨ, ਅਦਾਲਤਾਂ ਵਿੱਚ ਮੁਕੱਦਮੇ ਭੁਗਤ ਰਹੇ ਹਨ ਅਤੇ ਜਿਸ ਧਨ-ਬਲ ਅਤੇ ਬਾਹੂਬਲ ਨਾਲ ਚੋਣ ਜਿੱਤ ਕੇ ਆਏ ਹਨ, ਉਸ ਦਾ ਵੀ ਕੋਈ ਲੇਖਾ-ਜੋਖਾ ਨਹੀਂ। ਬਹੁਤੀ ਵਾਰ ਸਰਕਾਰਾਂ ਨੂੰ ਤੇ ਚੋਣ ਕਮਿਸ਼ਨ ਨੂੰ ਵੀ ਮੈਂ ਲਿਖਿਆ ਕਿ ਕੋਈ ਇੱਕ-ਦੋ ਉਮੀਦਵਾਰਾਂ ਦੇ ਖਰਚੇ ਦੇ ਵੇਰਵੇ 'ਤੇ ਹੀ ਕਦੇ-ਕਦੇ ਉਂਗਲੀ ਚੁੱਕੀ ਜਾਂਦੀ ਹੈ ਤਾਂ ਕੀ ਮੰਨ ਲਿਆ ਜਾਵੇ ਕਿ ਦੇਸ਼ ਦੇ ਸਾਰੇ ਚੋਣ ਜਿੱਤਣ ਜਾਂ ਹਾਰਨ ਵਾਲੇ ਉਸੇ ਹੱਦ ਵਿੱਚ ਧਨ ਖਰਚ ਕਰਦੇ ਹਨ, ਜਿੰਨਾ ਸਰਕਾਰ ਨੇ ਮਿਥਿਆ ਹੈ। ਵੈਸੇ ਤਾਂ ਜੇ ਪਾਰਲੀਮੈਂਟ ਮੈਂਬਰ ਲਈ 75 ਲੱਖ ਦੀ ਹੱਦ ਰੱਖੀ ਗਈ ਹੈ ਤਾਂ ਇੰਨੀ ਰਾਸ਼ੀ ਵੀ ਕੋਈ ਆਪਣੀ ਜੇਬ ਤੋਂ ਜਾਂ ਜਿਸ ਨੂੰ ਇੱਕ ਨੰਬਰ ਦੀ ਕਮਾਈ ਕਹਿੰਦੇ ਹਨ, ਉਸ ਵਿੱਚੋਂ ਥੋੜ੍ਹੀ ਖਰਚਦਾ ਹੈ। ਪਤਾ ਨਹੀਂ ਕਿਉਂ ਚੋਣ ਨਿਗਰਾਨਾਂ ਨੂੰ ਇਹ ਸਭ ਕੁਝ ਕਿਉਂ ਨਹੀਂ ਦਿੱਸਦਾ ਕਿ ਕਿਵੇਂ ਕਾਲੀ ਕਮਾਈ ਦੀਆਂ ਨਦੀਆਂ ਵਹਿ ਰਹੀਆਂ ਹਨ। ਸ਼ਾਇਦ ਹੀ ਕੋਈ ਹਿੰਮਤ ਕਰ ਕੇ ਦੱਸ ਸਕੇ ਕਿ ਉਸ ਨੇ ਕਿੰਨਾ ਧਨ ਖਰਚਿਆਂ ਹੈ? ਫਿਰ ਉਹੀ ਸਵਾਲ, ਇਹ ਇੰਨਾ ਧਨ ਜੇ ਆਪਣੀ ਕਮਾਈ ਦਾ ਹੈ ਤਾਂ ਕਮਾਇਆ ਕਿੱਦਾਂ? ਉਸ ਦੇ ਲਈ ਆਮਦਨ ਟੈਕਸ ਕੀਹਨੇ-ਕੀਹਨੇ ਦਿੱਤਾ? ਜੇ ਇਹ ਵੱਡੇ-ਵੱਡੇ ਸਨਅਤਕਾਰਾਂ ਜਾਂ ਕਿਸੇ ਮਾਫੀਆ ਤੋਂ ਲਿਆ ਹੈ ਤਾਂ ਉਨ੍ਹਾਂ ਦੇ ਇਸ ਧਨ ਦੇ ਇਵਜ਼ ਵਿੱਚ ਉਨ੍ਹਾਂ ਨੂੰ ਲਾਭ ਵੀ ਤਾਂ ਦਿੱਤਾ ਹੋਵੇਗਾ ਜਾਂ ਦਿੱਤਾ ਜਾ ਰਿਹਾ ਹੈ। ਇਹ ਨਾਪਾਕ ਗਠਜੋੜ ਜਦ ਬਣਦਾ ਹੈ ਤਾਂ ਸਾਡੇ ਅਧਿਕਾਰੀ ਵੀ ਇਸ ਦਾ ਹਿੱਸਾ ਬਣ ਜਾਂਦੇ ਹਨ।

ਸੱਚ ਹੈ ਕਿ ਜੋ ਸਰਕਾਰ ਭ੍ਰਿਸ਼ਟਾਚਾਰ ਨੂੰ ਸਮਾਪਤ ਕਰਨਾ ਚਾਹੁੰਦੀ ਹੈ, ਉਸ ਨੂੰ ਸਭ ਤੋਂ ਪਹਿਲਾਂ ਚੋਣ ਪ੍ਰਕਿਰਿਆ ਸੁਧਾਰਨ, ਚੋਣ ਖਰਚੇ 'ਤੇ ਕਾਬੂ ਪਾਉਣ ਅਤੇ ਕਿਸੇ ਵੀ ਤਰ੍ਹਾਂ ਦੇ ਅਪਰਾਧੀ ਨੂੰ ਚੋਣ ਲੜਨ ਤੋਂ ਰੋਕਣ ਦੇ ਯਤਨ ਕਰਨੇ ਪੈਣਗੇ। ਜਿਸ ਜਮਹੂਰੀਅਤ ਨੂੰ ਅਸੀਂ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਕਹਿੰਦੇ ਹਾਂ, ਉਸ ਦਾ ਇੱਕ ਕਰੂਪ ਚਿਹਰਾ ਉਦੋਂ ਦਿਖਾਈ ਦਿੰਦਾ ਹੈ, ਜਦ ਹੋਰਸ ਟਰੇ-ਡਿੰਗ ਅਰਥਾਤ ਜਨ-ਪ੍ਰਤੀਨਿਧਾਂ ਦੀ ਖਰੀਦੋ-ਫਰੋਖਤ ਦੀ ਗੱਲ ਚੱਲਦੀ ਹੈ। ਜਿਨ੍ਹਾਂ 'ਤੇ ਲੱਖਾਂ ਲੋਕਾਂ ਨੇ ਭਰੋਸਾ ਕਰ ਕੇ ਉਨ੍ਹਾਂ ਲਈ ਵੋਟਾਂ ਪਾਈਆਂ ਹੁੰਦੀਆਂ ਹਨ, ਉਨ੍ਹਾਂ ਨੂੰ ਲੁਕਾ ਕੇ ਕਦੇ ਭੋਪਾਲ ਦੇ ਹੋਟਲਾਂ ਵਿੱਚ ਇਸ ਲਈ ਰੱਖਿਆ ਜਾਂਦਾ ਹੈ ਤਾਂ ਕਿ ਉਨ੍ਹਾਂ ਨੂੰ ਕੋਈ ਵਿਰੋਧੀ ਸਿਆਸੀ ਪਾਰਟੀ ਖਰੀਦ ਨਾ ਲਵੇ, ਉਹ ਕਿਸੇ ਵੀ ਪਾਰਟੀ ਦੇ ਹੋਣ ਜਾਂ ਕੋਈ ਵੀ ਪਾਰਟੀ ਦਲ ਬਦਲੂਆਂ ਨੂੰ ਸਵੀਕਾਰ ਕਰਦੀ ਹੈ, ਉਹ ਬੇਈਮਾਨੀ ਅਤੇ ਭ੍ਰਿਸ਼ਟਾਚਾਰ ਨੂੰ ਖੁੱਲ੍ਹ ਕੇ ਮਾਨਤਾ ਦਿੰਦੀ ਹੈ। ਅੱਜ ਦੇਸ਼ ਦੇ ਵੱਡੇ-ਵੱਡੇ ਸਿਆਸੀ ਅਹੁਦਿਆਂ 'ਤੇ ਬੈਠ ਕੇ, ਪਾਰਲੀਮੈਂਟ ਵਿੱਚ ਪੁੱਜੇ ਸ੍ਰੀਮਾਨ ਪਾਰਟੀ ਬਦਲ ਕੇ ਆਏ ਹਨ। ਕਦੇ ਟੋਪੀ ਬਦਲ ਲਈ, ਕਦੇ ਚੋਣ ਚਿੰਨ੍ਹ, ਕਦੇ ਚੋਣ ਝੰਡੇ ਦਾ ਰੰਗ ਅਤੇ ਕਦੇ ਭਾਸ਼ਣਾਂ ਦਾ ਢੰਗ ਬਦਲ ਕੇ ਚੋਣ ਜਿੱਤਣ ਵਾਲੇ ਘੱਟੋ-ਘੱਟ ਉਸ ਜਨਤਾ ਦੇ ਵਫਾਦਾਰ ਨਹੀਂ ਹੋ ਸਕਦੇ, ਜੋ ਉਨ੍ਹਾਂ ਨੂੰ ਆਪਣੀ ਕਿਸਮਤ ਦਾ ਸਿਰਜਕ ਬਣਾਉਂਦੀ ਹੈ। ਵੈਸੇ ਭ੍ਰਿਸ਼ਟਾਚਾਰ ਪ੍ਰਤੱਖ ਹੈ।

ਬਿਹਾਰ ਵਿੱਚ ਜੇ ਇੱਕ ਵੱਡਾ ਪੁਲ ਚਾਰ ਹਫਤੇ ਬਾਅਦ ਟੁੱਟ ਜਾਂਦਾ ਹੈ ਤਾਂ ਪੰਜਾਬ ਵਿੱਚ ਕੀੜਿਆਂ ਨਾਲ ਭਰਿਆ ਕਰੋੜਾਂ ਦਾ ਆਟਾ ਇੱਕ ਨਗਰ ਵਿੱਚ ਵੰਡਿਆ ਜਾਂਦਾ ਹੈ। ਮੱਧ ਪ੍ਰਦੇਸ਼ ਵਿੱਚ ਅੱਠ ਕਰੋੜ ਦੇ ਘਟੀਆ ਚੌਲ ਦੇ ਕੇ ਲੋਕਾਂ ਦੀ ਜ਼ਿੰਦਗੀ ਨਾਲ ਖਿਲਵਾੜ ਕੀਤਾ ਜਾਂਦਾ ਹੈ। ਪੰਜਾਬ ਵਿੱਚ ਸਕਾਲਰਸ਼ਿਪ ਘੁਟਾਲਾ ਕਿਤੇ ਦਬਾ ਦਿੱਤਾ ਜਾਵੇਗਾ। ਜਿਸ ਦੇਸ਼ ਵਿੱਚ ਵੱਡੇ-ਵੱਡੇ ਸੰਵਿਧਾਨਕ ਅਹੁਦਿਆਂ 'ਤੇ ਯੋਗਤਾ ਨਹੀਂ, ਸਿਆਸੀ ਵਫਾਦਾਰੀਆਂ ਨੂੰ ਦੇਖ ਕੇ ਨਿਯੁਕਤੀਆਂ ਹੁੰਦੀਆਂ ਹਨ, ਜਿੱਥੇ ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰ ਵੀ ਕਿਸੇ ਚਾਪਲੂਸੀ ਅਤੇ ਪੈਰੀਂ ਹੱਥ ਲਾਉਣ ਕਾਰਨ ਹੀ ਵੱਡੀ ਆਕੜ ਨਾਲ ਆਪਣੇ ਅਹੁਦੇ 'ਤੇ ਪੁੱਜਦੇ ਹਨ, ਜਿਸ ਦੇਸ਼ ਵਿੱਚ ਸਰਕਾਰਾਂ ਦੀ ਪੂਰੀ ਜਾਣਕਾਰੀ ਵਿੱਚ ਵੱਡੇ ਵੱਡੇ ਮੈਡੀਕਲ ਅਤੇ ਇੰਜੀਨੀਅਰਿੰਗ ਪ੍ਰਾਈਵੇਟ ਕਾਲਜ ਦੇਸ਼ ਦਾ ਭਵਿੱਖ ਬਣਾਉਣ ਵਾਲੇ ਨੌਜਵਾਨਾਂ ਤੋਂ ਮੋਟੀ ਰਿਸ਼ਵਤ ਲੈਂਦੇ ਹਨ, ਉਹ ਰਿਸ਼ਵਤ ਦੇ ਬਲਬੂਤੇ ਡਾਕਟਰ, ਇੰਜੀਨੀਅਰ ਬਣੇ ਫਿਰ ਕਿੱਦਾਂ ਇਮਾਨਦਾਰੀ ਨਾਲ ਕੰਮ ਕਰਨਗੇ?

ਜੇ ਸਰਕਾਰਾਂ ਵਿੱਚ ਹਿੰਮਤ ਹੈ ਤਾਂ ਐਲਾਨ ਕਰ ਦੇਣ ਕਿ ਦੇਸ਼ ਦੇ ਕਿਸੇ ਵੀ ਇੰਜੀਨੀਅਰਿੰਗ, ਮੈਡੀਕਲ ਅਤੇ ਉੱਚ ਸਿੱਖਿਆ ਦੇਣ ਵਾਲੇ ਪ੍ਰਾਈਵੇਟ ਕਾਲਜ ਵਿੱਚ ਕੋਈ ਡੋਨੇਸ਼ਨ ਦੇ ਨਾਂਅ 'ਤੇ ਰਿਸ਼ਵਤ ਨਹੀਂ ਲਈ ਜਾਵੇਗੀ ਤਾਂ ਭ੍ਰਿਸ਼ਟਾਚਾਰ 'ਤੇ ਇੱਕ ਫੀਸਦੀ ਨੱਥ ਪਾਈ ਜਾ ਸਕਦੀ ਹੈ। ਸਰਕਾਰ ਚੇਤੇ ਰੱਖੇ ਜਾਂ ਪ੍ਰਧਾਨ ਮੰਤਰੀ ਜੀ ਕਦੇ ਵੱਡੇ-ਵੱਡੇ ਪ੍ਰੋਜੈਕਟਾਂ ਦਾ ਨਿਰਮਾਣ ਕਰਨ ਵਾਲੀਆਂ ਕੰਪਨੀਆਂ ਦੇ ਮਾਲਕਾਂ, ਪ੍ਰਬੰਧਕਾਂ ਤੋਂ ਇੱਕ ਵਾਰ ਪੁੱਛ ਲੈਣ ਕਿ ਉਨ੍ਹਾਂ ਨੂੰ ਟੈਂਡਰ ਪਾਸ ਕਰਾਉਣ ਲਈ ਕਿੰਨੇ ਫੀਸਦੀ ਹਿੱਸਾ ਦੇਣਾ ਪੈਂਦਾ ਹੈ। ਸਰਕਾਰਾਂ ਭ੍ਰਿਸ਼ਟਾਚਾਰ ਨੂੰ ਮਜਬੂਰੀ ਕਹਿੰਦੀਆਂ ਹਨ। ਪੁਲਸ ਸਟੇਸ਼ਨ, ਰੇਲ ਗੱਡੀ, ਚੌਕ-ਚੌਰਾਹੇ, ਤਹਿਸੀਲ-ਕਚਹਿਰੀ ਦੀ ਰਿਸ਼ਵਤ ਨੂੰ ਉਹ ਹਰ ਵਿਅਕਤੀ ਭੁਗਤਦਾ ਹੈ, ਜੋ ਉਥੇ ਜਾਂਦਾ ਹੈ।

ਕੁਝ ਦਿਨ ਪਹਿਲਾਂ ਪ੍ਰਧਾਨ ਮੰਤਰੀ ਨੇ ਨਵੇਂ ਆਈ ਪੀ ਐੱਸ ਅਫਸਰਾਂ ਨੂੰ ਸੰਬੋਧਨ ਕੀਤਾ। ਇੱਕ ਗੱਲ ਉਨ੍ਹਾਂ ਦੀ ਬਹੁਤ ਚੰਗੀ ਲੱਗੀ ਕਿ ਮਨੁੱਖੀ ਭਾਵਨਾ ਨਾਲ ਜਾਓ। ਪਹਿਲੇ ਦਿਨ ਹੀ ਦਬੰਗ ਨਾ ਬਣੋ, ਪਰ ਇੱਕ ਕੌੜਾ ਸੱਚ ਯਕੀਨਨ ਉਨ੍ਹਾਂ ਨੇ ਨੇੜਿਓਂ ਦੇਖਿਆ ਜਾਂ ਮਹਿਸੂਸ ਕੀਤਾ। ਲਾਕਡਾਊਨ ਵਿੱਚ ਪੁਲਸ ਦਾ ਅਣਮਨੁੱਖੀ ਚਿਹਰਾ ਉਜਾਗਰ ਹੋਇਆ ਹੈ। ਲਾਕਡਾਊਨ ਦੀ ਉਲੰਘਣਾ 'ਤੇ ਪੰਜਾਬ ਸਮੇਤ ਸਾਰੇ ਦੇਸ਼ ਵਿੱਚ ਪੁਲਸ ਨੇ ਲੋਕਾਂ 'ਤੇ ਜ਼ੁਲਮ ਢਾਹੇ। ਮੈਂ ਫਿਰ ਕਹਿ ਰਹੀ ਹਾਂ ਕਿ ਭ੍ਰਿਸ਼ਟਾਚਾਰ ਹੇਠੋਂ ਉਪਰ ਨਹੀਂ, ਉਪਰੋਂ ਹੇਠਾਂ ਵੱਲ ਆਉਂਦਾ ਹੈ। ਸ਼ੁੱਧੀਕਰਨ ਉਪਰੋਂ ਹੀ ਸ਼ੁਰੂ ਹੋਵੇ ਸ੍ਰੀਮਾਨ ਜੀ।

# ਨਹੀਂ ਭੁੱਲਦੀ ਬਜ਼ੁਰਗ ਦੀ ਅਰਦਾਸ

-ਪ੍ਰਿੰਸੀਪਲ ਵਿਜੇ ਕੁਮਾਰ

ਕੁਝ ਮਹੀਨੇ ਪਹਿਲਾਂ ਮੈਂ ਧਾਰਮਿਕ ਅਸਥਾਨ ਦੇ ਪੁਜਾਰੀ ਨੂੰ ਆਪਣੇ ਇੱਕ ਨਿੱਜੀ ਕੰਮ ਦੇ ਸਿਲਸਿਲੇ 'ਚ ਮਿਲਣ ਗਿਆ ਸਾਂ। ਪੁਜਾਰੀ ਕਿਸੇ ਕੰਮ ਕਰਨ ਬਾਹਰ ਗਿਆ ਹੋਇਆ ਸੀ। ਉਸ ਧਾਰਮਿਕ ਅਸਥਾਨ ਦੀ ਨਿਵੇਕਲੀ ਜਿਹੀ ਥਾਂ 'ਤੇ ਬਜ਼ੁਰਗ ਆਪਣੇ ਦੁੱਖ-ਸੁੱਖ ਇੱਕ-ਦੂਜੇ ਨਾਲ ਸਾਂਝੇ ਕਰ ਰਹੇ ਸਨ। ਉਨ੍ਹਾਂ ਨੂੰ ਪੁੱਛਣ 'ਤੇ ਪਤਾ ਲੱਗਾ ਕਿ ਉਹ ਇੱਕ ਘੰਟੇ 'ਚ ਆ ਜਾਵੇਗਾ। ਉਸ ਨੂੰ ਮਿਲਣਾ ਜ਼ਰੂਰੀ ਹੋਣ ਕਾਰਨ ਮੈਂ ਉਸ ਦੀ ਉਡੀਕ ਕਰਨ ਲੱਗਾ। ਉਨ੍ਹਾਂ ਬਜ਼ੁਰਗਾਂ 'ਚੋਂ ਇੱਕ ਨੇ ਕੋਲ ਪਈ ਇੱਕ ਕੁਰਸੀ ਵੱਲ ਇਸ਼ਾਰਾ ਕਰਦਿਆਂ ਕਿਹਾ, 'ਬਾਊ ਜੀ, ਖੜ੍ਹੇ ਕਾਹਦੇ ਲਈ, ਇਹ ਕੁਰਸੀ ਲਓ ਅਤੇ ਬੈਠ ਜਾਓ? ਪੰਡਿਤ ਜੀ ਆਉਂਦੇ ਹੋਣਗੇ।' ਉਸ ਬਜ਼ੁਰਗ ਦੀ ਜ਼ੁਬਾਨ ਦੇ ਰਸ ਨੂੰ ਵੇਖ ਕੇ ਮੈਂ ਨਾ ਚਾਹੁੰਦਿਆਂ ਵੀ ਉਸ ਕੁਰਸੀ 'ਤੇ ਬੈਠ ਗਿਆ। ਉਨ੍ਹਾਂ ਬਜ਼ੁਰਗਾਂ ਦੀਆਂ ਗੱਲਾਂ ਨੇ ਮੇਰਾ ਧਿਆਨ ਆਪਣੇ ਵੱਲ ਖਿੱਚ ਲਿਆ।

ਇੱਕ ਬਜ਼ੁਰਗ ਆਖ ਰਿਹਾ ਸੀ ਕਿ ਭਰਾਓ, ਮੈਂ ਦੋਵੇਂ ਵੇਲੇ ਉਸ ਅਕਾਲ ਪੁਰਖ ਅੱਗੇ ਇਹੋ ਅਰਦਾਸ ਕਰਦਾ ਹਾਂ ਕਿ ਇਸ ਅਮੀਰੀ ਨਾਲੋਂ ਗਰੀਬ ਚੰਗੇ ਸਾਂ। ਜਦੋਂ ਤੋਂ ਘਰ ਵਿੱਚ ਧਨ ਦੌਲਤ ਆਈ ਹੈ, ਉਦੋਂ ਤੋਂ ਘਰ ਨਿਰਾ ਨਰਕ ਬਣ ਗਿਆ ਹੈ? ਦੋਵੇਂ ਛੋਕਰੇ ਰਾਤ ਨੂੰ ਦਾਰੂ ਨਾਲ ਰੱਜੇ ਹੋਏ ਘਰ ਵੜਦੇ ਹਨ, ਗਾਲ੍ਹਾਂ ਕੱਢਦੇ ਹਨ, ਨੂੰਹਾਂ ਦੀ ਮਾਰਕੁੱਟ ਕਰਦੇ ਹਨ। ਸਾਰਾ ਮੁਹੱਲਾ ਪਰਵਾਰ ਦਾ ਜਲੂਸ ਨਿਕਲਦਾ ਵੇਖਦਾ ਹੈ। ਦੋਵਾਂ ਨੂੰ ਹੇਰਾਫੇਰੀ ਤੋਂ ਬਗੈਰ ਕੁਝ ਨਹੀਂ ਸੁੱਝਦਾ। ਦੋਵਾਂ ਨੂੰ ਸਮਝਾਉਂਦੇ ਹਾਂ ਤਾਂ ਗਲ਼ ਨੂੰ ਪੈਂਦੇ ਹਨ। ਇਹੋ ਜਿਹੀ ਔਲਾਦ ਨਾਲੋਂ ਬੰਦਾ ਬੇਔਲਾਦ ਹੀ ਚੰਗਾ। ਮੈਂ ਤਾਂ ਰੱਬ ਤੋਂ ਦਿਨ-ਰਾਤ ਮੌਤ ਮੰਗਦਾ ਹਾਂ। ਕੀ ਕਰੀਏ, ਮੌਤ ਵੀ ਨਹੀਂ ਆਉਂਦੀ।

ਉਸ ਦਾ ਲਿਬਾਸ ਵੇਖ ਕੇ ਜਾਪ ਰਿਹਾ ਸੀ ਕਿ ਉਸ ਜਿਹਾ ਦੁਖੀ ਹੋਰ ਕੋਈ ਹੋਣਾ ਹੀ ਨਹੀਂ। ਮੇਰਾ ਮਨ ਚਾਹ ਰਿਹਾ ਸੀ ਕਿ ਉਸ ਦੁਖੀ ਬਜ਼ੁਰਗ ਨੂੰ ਕੁਝ ਹੌਸਲਾ ਦੇ ਕੇ ਉਸ ਦੇ ਦੁਖੀ ਮਨ ਨੂੰ ਹੌਲਾ ਕਰ ਦਿਆਂ, ਪਰ ਮੈਂ ਇਹ ਸੋਚ ਕੇ ਕਿ ਮੇਰੇ ਮੂੰਹੋਂ ਕੋਈ ਸ਼ਬਦ ਗਲਤ ਨਾ ਨਿਕਲ ਜਾਵੇ, ਮੈਂ ਚੁੱਪ ਰਹਿਣ ਵਿੱਚ ਆਪਣਾ ਭਲਾ ਸਮਝਿਆ। ਉਸ ਬਜ਼ੁਰਗ ਦੀਆਂ ਗੱਲਾਂ ਸੁਣ ਕੇ ਮੈਨੂੰ ਇੱਕ ਕਥਾ ਵਾਚਕ ਦੇ ਪ੍ਰਵਚਨਾਂ ਦੇ ਬੋਲ ਯਾਦ ਆ ਗਏ। ਉਸ ਦਾ ਕਹਿਣਾ ਸੀ ਘਰ ਵਿੱਚ ਆਉਂਦੀ ਦੌਲਤ ਬਹੁਤ ਚੰਗੀ ਲੱਗਦੀ ਹੈ, ਪਰ ਮਾਇਆ ਆਪਣੇ ਨਾਲ ਸੌ ਤਰ੍ਹਾਂ ਦੀਆਂ ਅਲਾਮਤਾਂ ਲੈ ਆਉਂਦੀ ਹੈ। ਜਿਹੜੇ ਲੋਕ ਧਨ ਦੌਲਤ ਦੇ ਨਸ਼ੇ 'ਚ ਜ਼ਿੰਦਗੀ ਜਿਊਣ ਦੇ ਅਰਥਾਂ ਨੂੰ ਭੁੱਲ ਜਾਂਦੇ ਹਨ, ਜਿਨ੍ਹਾਂ ਦੇ ਮਨ ਅਤੇ ਬਿਰਤੀ ਕੁਰਾਹੇ ਪੈ ਜਾਂਦੇ ਹਨ, ਜਿਨ੍ਹਾਂ ਨੂੰ ਰੱਬ ਦੀ ਹੋਂਦ ਦੇ ਹੋਣ ਦਾ ਅਹਿਸਾਸ ਹੋਣਾ ਬੰਦ ਹੋ ਜਾਂਦਾ ਹੈ ਅਤੇ ਜੋ ਮਨੁੱਖਤਾ ਦੀ ਪਰਿਭਾਸ਼ਾ ਭੁੱਲ ਜਾਂਦੇ ਹਨ, ਉਨ੍ਹਾਂ ਦੀ ਜ਼ਿੰਦਗੀ ਨਰਕ ਬਣ ਜਾਂਦੀ ਹੈ। ਜ਼ਿੰਦਗੀ ਜਿਊਣ ਲਈ ਅਤੇ ਉਸ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਧਨ ਦੌਲਤ ਦੀ ਲੋੜ ਪੈਂਦੀ ਹੈ, ਪਰ ਜਿਹੜੀ ਅਮੀਰੀ ਬੰਦੇ ਨੂੰ ਬੰਦਾ ਨਾ ਬਣਨ ਦੇਵੇ, ਜਿਸ ਨਾਲ ਸਾਡੇ ਰਿਸ਼ਤਿਆਂ ਦੀਆਂ ਗੰਢਾਂ ਢਿੱਲੀਆਂ ਪੈ ਜਾਣ, ਜਿਸ ਨਾਲ ਮਨੁੱਖ ਇਨਸਾਨੀਅਤ ਤੋਂ ਲਾਂਭੇ ਹੋ ਜਾਵੇ, ਉਸ ਅਮੀਰੀ ਨਾਲੋਂ ਗਰੀਬੀ ਚੰਗੀ ਹੁੰਦੀ ਹੈ।

ਮੈਂ ਇੱਕ ਅਜਿਹੇ ਇਮਾਰਤਾਂ ਬਣਾਉਣ ਵਾਲੇ ਠੇਕੇਦਾਰ ਨੂੰ ਜਾਣਦਾ ਹਾਂ, ਜਿਸ ਦੀ ਇਮਾਨਦਾਰੀ ਦੀਆਂ ਮਿਸਾਲਾਂ ਦਿੱਤੀਆਂ ਜਾਂਦੀਆਂ ਹਨ। ਲੋਕ ਉਸ ਤੋਂ ਇਮਾਰਤਾਂ ਬਣਵਾਉਣ ਲਈ ਉਸ ਦੇ ਮਗਰ ਘੁੰਮਦੇ ਹਨ। ਉਹ ਇੱਕ ਸਕੂਲ ਦੀ ਇਮਾਰਤ ਬਣਾ ਰਿਹਾ ਸੀ। ਉਸ ਨੇ ਮਜ਼ਦੂਰਾਂ ਤੇ ਮਿਸਤਰੀਆਂ ਨੂੰ ਇਹ ਹੁਕਮ ਦੇ ਰੱਖਿਆ ਸੀ ਕਿ ਇਮਾਰਤ ਦਾ ਸਾਮਾਨ ਲਾਉਣ ਲੱਗਿਆਂ ਰਤਾ ਵੀ ਹੇਰਾਫੇਰੀ ਨਾ ਕੀਤੀ ਜਾਵੇ, ਮੈਨੂੰ ਭਾਵੇਂ ਕੋਈ ਪੈਸਾ ਬਚੇ, ਚਾਹੇ ਨਾ। ਉਸ ਠੇਕੇਦਾਰ ਨਾਲ ਇੱਕ ਸਮਾਗਮ ਵਿੱਚ ਮੁਲਾਕਾਤ ਹੋ ਗਈ। ਮੈਂ ਉਸ ਨੂੰ ਸਵਾਲ ਕੀਤਾ, 'ਭਾਈ ਸਾਹਿਬ! ਮੈਂ ਤੁਹਾਡੀ ਇਮਾਨਦਾਰੀ ਦੀ ਚਰਚਾ ਕਾਫੀ ਸੁਣੀ ਹੈ। ਤੁਸੀਂ ਇੰਨੀ ਇਮਾਨਦਾਰੀ ਨਾਲ ਕੰਮ ਕਰਦੇ ਹੋ। ਇੰਨੀ ਘੱਟ ਕਮਾਈ ਨਾਲ ਤੁਹਾਡਾ ਕੰਮ ਕਿਵੇਂ ਚੱਲਦਾ ਹੈ?' ਉਸ ਦਾ ਜਵਾਬ ਬਹੁਤ ਲਾਜਵਾਬ ਸੀ। ਉਸ ਦਾ ਕਹਿਣਾ ਸੀ, 'ਪ੍ਰਿੰਸੀਪਲ ਸਾਹਿਬ, ਧਰਮ ਦੀ ਜੜ੍ਹ ਹਰੀ ਰਹਿੰਦੀ ਹੈ? ਸਾਡੇ ਪਿਤਾ ਜੀ ਨੇ ਸਾਨੂੰ ਸਿੱਖਿਆ ਹੀ ਇਮਾਨਦਾਰੀ ਦੀ ਦਿੱਤੀ ਹੈ। ਰਾਤ ਨੂੰ ਨੀਂਦ ਬਹੁਤ ਵਧੀਆ ਆਉਂਦੀ ਹੈ। ਨਾ ਸਾਨੂੰ ਸ਼ੂਗਰ ਹੈ ਅਤੇ ਨਾ ਹੀ ਬਲੱਡ ਪ੍ਰੈਸ਼ਰ। ਲੋਕਾਂ ਤੋਂ ਅਸੀਂ ਚਾਰ ਪੈਸੇ ਲੈਣੇ ਹੀ ਹਨ, ਇੱਕ ਨਿੱਕਾ ਪੈਸਾ ਕਿਸੇ ਦਾ ਦੇਣਾ ਨਹੀਂ। ਪਿਤਾ ਜੀ ਲੋਕਾਂ ਕੋਲ ਇਹ ਕਹਿੰਦੇ ਘੁੰਮਦੇ ਨੇ ਕਿ ਇਹੋ ਜਿਹੇ ਪੁੱਤ ਘਰ-ਘਰ ਜੰਮਣ।'

ਮੈਂ ਇੱਕ ਅਜਿਹੇ ਧਨਾਢ ਵਿਅਕਤੀ ਤੋਂ ਜਾਣੂ ਹਾਂ, ਜੋ ਆਪਣੀ ਬਿਮਾਰੀ ਉਤੇ ਲੱਖਾਂ ਰੁਪਏ ਖਰਚ ਕਰ ਰਿਹਾ ਹੈ, ਪਰ ਕਿਸੇ ਲੋੜਵੰਦ ਦੀ ਸਹਾਇਤਾ ਕਰਨ ਲਈ ਉਸ ਕੋਲੋਂ ਦਸ ਰੁਪਏ ਨਹੀਂ ਨਿਕਲਦੇ। ਇੱਕ ਬਹੁਤ ਉੱਚੇ ਅਹੁਦੇ ਉੱਤੇ ਕੰਮ ਕਰਨ ਵਾਲੇ ਅਫਸਰ ਨੇ ਆਪਣੀ ਨੌਕਰੀ ਦੇ ਦਿਨਾਂ ਵਿੱਚ ਕਈ ਗਰੀਬ ਅਤੇ ਲੋੜਵੰਦ ਲੋਕਾਂ ਦੇ ਬੱਚਿਆਂ ਨੂੰ ਰੁਜ਼ਗਾਰ ਦਿਵਾਇਆ। ਉਹ ਹਰ ਨੌਜਵਾਨ ਤੋਂ ਵਚਨ ਲੈਂਦਾ ਸੀ ਕਿ ਨੌਕਰੀ ਲੱਗਣ ਪਿੱਛੋਂ ਕਿਸੇ ਦੋ ਗਰੀਬ ਬੱਚਿਆਂ ਦੀ ਪੜ੍ਹਾਈ ਵਿੱਚ ਮਦਦ ਜ਼ਰੂਰ ਕਰੇਗਾ। ਅੱਜ ਉਹ ਨੇਕ ਅਫਸਰ ਇਸ ਦੁਨੀਆ 'ਚ ਨਹੀਂ, ਪਰ ਉਸ ਦੀ ਨੇਕ-ਨੀਤੀ ਦੀ ਚਰਚਾ ਅੱਜ ਵੀ ਹੋ ਰਹੀ ਹੈ। ਉਸ ਦੀ ਔਲਾਦ ਨੇ ਵੀ ਉਸ ਦੀ ਨੇਕ-ਨੀਤੀ ਨੂੰ ਆਪਣੀ ਜ਼ਿੰਦਗੀ ਦਾ ਮਿਸ਼ਨ ਬਣਾਇਆ ਹੋਇਆ ਹੈ।

ਅਮੀਰ ਕੋਈ ਵੀ ਵਿਅਕਤੀ ਹੋ ਸਕਦਾ ਹੈ, ਪਰ ਦਾਨਵੀਰ ਕੋਈ-ਕੋਈ ਹੁੰਦਾ ਹੈ। ਧਨ ਕੋਈ ਵੀ ਕਮਾ ਸਕਦਾ ਹੈ, ਪਰ ਦਾਨ ਤੇ ਮਹਾਨ ਕੰਮ ਕਰਨ ਦਾ ਹੌਸਲਾ ਕਿਸੇ-ਕਿਸੇ 'ਚ ਹੀ ਹੁੰਦਾ ਹੈ। ਵਿਦੇਸ਼ ਵਿੱਚ ਵਸਦੇ ਇੱਕ ਸਿੱਖਿਆ ਸ਼ਾਸਤਰੀ ਨੇ ਆਪਣੇ ਮਿੱਤਰ ਫੌਜੀ ਅਫਸਰ ਨੂੰ ਕਿਹਾ ਕਿ ਹੰਭਲਾ ਮਾਰ ਕੇ ਪਿੰਡ 'ਚ ਇੱਕ ਚੰਗੀ ਲਾਇਬਰੇਰੀ ਬਣਾਓ। ਉਸ ਵਿੱਚ ਨੌਜਵਾਨਾਂ ਨੂੰ ਸੇਧ ਦੇਣ ਵਾਲੀਆਂ ਮਿਆਰੀ ਪੁਸਤਕਾਂ ਰੱਖੋ? ਪਿੰਡ ਦੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਹਟ ਕੇ ਪੁਸਤਕਾਂ ਪੜ੍ਹਨ ਲਈ ਪ੍ਰੇਰਨਾ ਦਿਓ। ਲਾਇਬਰੇਰੀ ਤੇ ਪੁਸਤਕਾਂ ਦਾ ਸਾਰਾ ਖਰਚਾ ਮੈਂ ਕਰਾਂਗਾ। ਪਿੰਡ ਵਿੱਚ ਸੱਤ ਲੱਖ ਰੁਪਏ ਦੇ ਖਰਚੇ ਨਾਲ ਲਾਇਬਰੇਰੀ ਬਣ ਕੇ ਤਿਆਰ ਹੋ ਗਈ। ਫੌਜੀ ਅਫਸਰ ਨੇ ਬਹੁਤ ਸਮਰਪਣ ਭਾਵਨਾ ਨਾਲ ਲਾਇਬਰੇਰੀ ਬਣਵਾਈ ਹੈ। ਉਦਘਾਟਨ ਮਗਰੋਂ ਉਸ ਸਿੱਖਿਆ ਸ਼ਾਸਤਰੀ ਦੇ ਸੁਫਨਿਆਂ ਨੂੰ ਬੂਰ ਪੈ ਜਾਵੇਗਾ। ਪੈਸਾ ਅਨੇਕਾਂ ਲੋਕਾਂ ਕੋਲ ਹੋ ਸਕਦਾ ਹੈ, ਪਰ ਲਾਇਬਰੇਰੀ ਬਣਾ ਕੇ ਨੌਜਵਾਨਾਂ ਨੂੰ ਪੁਸਤਕਾਂ ਨਾਲ ਜੋੜਨ ਦਾ ਵਿਚਾਰ ਕਿਸੇ ਦਾਨਿਸ਼ਮੰਦ ਦਾ ਹੀ ਹੋ ਸਕਦਾ ਹੈ। ਉੱਚ ਵਿਚਾਰਾਂ ਵਾਲੇ ਲੋਕਾਂ ਨੂੰ ਪ੍ਰਵਚਨ ਸੁਣਨ ਦੀ ਲੋੜ ਨਹੀਂ, ਕਿਉਂਕਿ ਉਨ੍ਹਾਂ ਕੋਲ ਪਹਿਲਾਂ ਹੀ ਨੇਕ-ਨੀਤੀ ਦਾ ਭੰਡਾਰ ਹੁੰਦਾ ਹੈ।


ਸਾਡੇ ਸ਼ਹਿਰ 'ਚ ਡੇਅਰੀ ਚਲਾਉਣ ਵਾਲਾ ਇੱਕ ਸੱਜਣ ਦੁੱਧ 'ਚ ਕਿਸੇ ਵੀ ਤਰ੍ਹਾਂ ਦੀ ਮਿਲਾਵਟ ਨਹੀਂ ਕਰਦਾ ਕਿਉਂਕਿ ਉਹ ਅਕਾਲ ਪੁਰਖ ਤੋਂ ਡਰਦਾ ਹੈ। ਉਸ ਨੂੰ ਨਰਕ 'ਚ ਜਾਣਾ ਮਨਜ਼ੂਰ ਨਹੀਂ। ਉਹ ਜਿੱਧਰੋਂ ਲੰਘਦਾ ਹੈ, ਉਧਰ ਹੀ ਉਸ ਦੀ ਸੱਚੀ-ਸੁੱਚੀ ਸੋਚ ਦੀ ਸ਼ਲਾਘਾ ਹੁੰਦਾ ਹੈ। ਲੋਕ ਉਸ ਨੂੰ ਇਮਾਨਦਾਰੀ ਦੀ ਮਿਸਾਲ ਸਮਝਦੇ ਹਨ।

ਗੁਜ਼ਰੇ ਜ਼ਮਾਨੇ 'ਚ ਲੋਕਾਂ ਵਿੱਚ ਇਮਾਨਦਾਰੀ ਅਤੇ ਦਿਆਨਤਦਾਰੀ ਜ਼ਿਆਦਾ ਸੀ। ਨਸ਼ੇ ਅਤੇ ਖੁਦਗਰਜ਼ੀ ਘੱਟ ਸੀ। ਲੋਕ ਬੇਈਮਾਨੀ ਅਤੇ ਹੈਵਾਨੀਅਤ ਤੋਂ ਡਰਦੇ ਸਨ, ਪਰ ਸਿੱਖਿਆ ਦੇ ਅਥਾਹ ਪ੍ਰਸਾਰ ਨੇ ਮਨੁੱਖ ਨੂੰ ਉਹ ਕੁਝ ਨਹੀਂ ਬਣਾਇਆ, ਜੋ ਮਨੁੱਖਤਾ ਦੀ ਪਰਿਭਾਸ਼ਾ ਚਾਹੁੰਦੀ ਹੈ। ਮਨੁੱਖ ਨੂੰ ਆਤਮ ਮੰਥਨ ਜ਼ਰੂਰ ਕਰਨਾ ਚਾਹੀਦਾ ਹੈ। ਅਸੀਂ ਆਪਣੇ 'ਚ ਸੁਧਾਰ ਕਰਨ ਦੀ ਥਾਂ ਦੂਜਿਆਂ ਦੀ ਆਲੋਚਨਾ ਕਰ ਲਈਏ ਤਾਂ ਸਾਨੂੰ ਸੁਰਗ ਆਪਣੇ-ਆਪ ਮਿਲ ਜਾਵੇਗਾ।


# ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੌਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ
ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ

ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com

647-739-4641
346-714-0224


## ਮਿੰਨੀ ਕਹਾਣੀਆਂ

### -ਰੰਡੇਪਾ-

''ਰੱਬ ਜਾਂ ਤਾਂ ਇਹਨੂੰ ਚੱਕ ਲੈ ਜਾਂ ਮੈਨੂੰ, ਤਪਾ ਛੱਡਿਐ ਏਸ ਬੰਦੇ ਨੇ, ਇਹਦੇ ਨਾਲ ਰਹਿਣ ਨਾਲੋਂ ਮੈਂ ਰੰਡੇਪਾ ਸੌਖਾ ਕੱਟ ਲਊਂ, ਬਾਪੂ ਨੇ ਵੀ ਪਤਾ ਨਈ ਕਿਹੜੇ ਜੁੱਗ ਦਾ ਬਦਲਾ ਲਿਐ, ਮੈਨੂੰ ਏਸ ਦੇ ਲੜ ਲਾ ਕੇ।'' ਭਾਬੀ ਇੱਕੋ ਸਾਹੇ ਬੋਲ ਗਈ। ਭਾਬੀ ਵੀ ਕੀ ਕਰੇ, ਇਹੋ ਜਿਹੇ ਬੰਦੇ ਨਾਲ ਸਾਰੀ ਉਮਰ ਕੱਢਣੀ ਕਿਹੜਾ ਸੌਖੀ ਏ। ਉਪਰੋਂ ਤਿੰਨ ਜਵਾਕਾਂ ਦੀ ਜ਼ਿੰਮੇਵਾਰੀ। ਘਰ ਦਾ ਖਰਚਾ ਮਸਾਂ ਚੱਲਦਾ ਹੈ। ਭਾਬੀ ਲੋਕਾਂ ਦੇ ਕੱਪੜੇ ਸਿਉਂ ਕੇ ਪੈਸੇ ਕਮਾ ਲੈਂਦੀ, ਜਿਸ ਨਾਲ ਰੋਟੀ ਪਾਣੀ ਦਾ ਖਰਚਾ ਚੱਲੀ ਜਾਂਦੀ ਤੇ ਮੈਂ ਆਪਣੀ ਤਨਖਾਹ ਨਾਲ ਜਵਾਕਾਂ ਦੀ ਪੜ੍ਹਾਈ ਦਾ ਖਰਚਾ ਕੱਢ ਲੈਂਦੀ। ਬਾਈ ਸਾਰਾ ਦਿਨ ਸ਼ਰਾਬ ਨਾਲ ਡੱਕ ਕੇ ਪਿਆ ਰਹਿੰਦਾ ਸੀ ਤਾਂ ਹੀ ਭਾਬੀ ਗੁੱਸੇ ਵਿੱਚ ਬੋਲਦੀ ਸੀ। ਜਦੋਂ ਉਹ ਗੁੱਸੇ 'ਚ ਬਾਈ ਨੂੰ ਬੋਲਦੀ, ਮੈਨੂੰ ਕਦੇ ਗੁੱਸਾ ਨਾ ਆਉਂਦਾ।

ਜਦੋਂ ਵੀ ਉਹ ਇਹ ਕਹਿੰਦੀ, ''ਇਹਦੇ ਨਾਲ ਰਹਿਣ ਨਾਲੋਂ ਤਾਂ ਮੈਂ ਰੰਡੇਪਾ ਸੌਖਾ ਕੱਟ ਲਊਂ,'' ਇਹ ਸੁਣ ਮੈਨੂੰ ਗੁੱਸਾ ਆਉਂਦਾ, ਪਰ ਮੈਂ ਕਹਿੰਦੀ ਕੁਝ ਨਾ। ਜਦੋਂ ਮੈਂ ਗੁਆਂਢੀਆਂ ਦੀ ਵਹੁਟੀ ਨੂੰ ਦੇਖਦੀ ਤਾਂ ਮੈਨੂੰ ਮੇਰੀ ਭਾਬੀ 'ਤੇ ਬੜਾ ਤਰਸ ਆਉਂਦਾ। ਉਨ੍ਹਾਂ ਦੀ ਵਹੁਟੀ ਤੋਂ ਅੱਠ ਕੁ ਦਿਨ ਪਹਿਲਾਂ ਵਿਆਹ ਕੇ ਲਿਆਂਦੀ ਸੀ। ਵਿਆਹ ਵੇਲੇ ਦੁੱਗਣੀ ਸੋਹਣੀ ਸੀ, ਮੇਰੀ ਭਾਬੀ, ਸਾਡੀ ਗੁਆਂਢਣ ਤੋਂ। ਕਿੰਨਾ ਨੂਰ ਸੀ ਭਾਬੀ ਦੇ ਚਿਹਰੇ 'ਤੇ, ਜਦੋਂ ਡੋਲੀ 'ਚੋਂ ਉਤਰੀ ਸੀ, ਖੈਰ, ਉਸ ਦਿਨ ਤਾਂ ਬਾਈ ਵੀ ਭਾਬੋ ਨਾਲ ਬਹੁਤ ਸੋਹਣਾ ਲੱਗ ਰਿਹਾ ਸੀ, ਪਰ ਹੁਣ ਜਦ ਮੈਂ ਭਾਬੀ ਦੇ ਚਿਹਰੇ ਵੱਲ ਦੇਖਦੀ ਆਂ, ਇੰਝ ਲੱਗਦਾ ਜਿਵੇਂ ਭਾਬੀ ਗੁਆਂਢਣ ਤੋਂ ਅੱਠ ਦਿਨ ਨਈ, ਅੱਠ ਸਾਲ ਪਹਿਲਾਂ ਆਈ ਹੋਵੇ। ਹਰ ਵੇਲੇ ਉਹਦੇ ਚਿਹਰੇ 'ਤੇ ਉਦਾਸੀ ਰਹਿੰਦੀ। ਹੱਸਣਾ ਤਾਂ ਜਿਵੇਂ ਭੁੱਲ ਹੀ ਗਈ ਸੀ। ਬਾਈ ਦੀ ਸ਼ਰਾਬ ਨੇ ਭਾਬੀ ਦੀ ਜ਼ਿੰਦਗੀ ਦੇ ਰੰਗਾਂ ਦੀ ਚਮਕ ਸੋਖ ਲਈ ਸੀ। ਇੱਕ ਦਿਨ ਬਾਈ ਸ਼ਰਾਬ ਨਾਲ ਧੁੱਤ ਰੇਲ ਗੱਡੀ ਦੀ ਲਾਈਨ ਦਾ ਸਿਰਹਾਣਾ ਲਾ ਲੰਬੀ ਨੀਂਦ ਸੌਂ ਗਿਆ। ਭਾਬੀ ਨੇ ਬਾਈ ਦੀ ਲਾਸ਼ ਵਿਹੰਦਿਆਂ ਉਚੀ ਸਾਰੀ ਲੇਰ ਮਾਰੀ, ''ਵੇ ਮੈਂ ਕਿਵੇਂ ਰੰਡੇਪਾ ਕੱਟੂ।'' ਮੈਂ ਭਾਬੀ ਦੀ ਲੇਰ ਸੁਣ ਕੇ ਆਪ ਪੱਥਰ ਹੋ ਗਈ।

-ਸ਼ਰਨ ਮਾਨ

### -ਮਾਂ ਅਤੇ ਨੌਕਰੀ-

ਹੁਣੇ ਹੁਣੇ ਮੇਰੇ ਨਾਲ ਦੇ ਕੈਬਿਨ ਵਿੱਚ ਰਮੇਸ਼ ਦੇ ਮੋਬਾਈਲ ਦੀ ਘੰਟੀ ਖੜਕੀ ਸੀ। ਫਿਰ ਇਸ ਤਰ੍ਹਾਂ ਲੱਗਾ ਕਿ ਉਹ ਆਪਣੇ ਕੈਬਿਨ 'ਚੋਂ ਬਾਹਰ ਨਿਕਲ ਗਿਆ। ਫਿਰ ਦੋ ਵਾਰੀ ਉਸ ਦੇ ਕਦਮਾਂ ਦੀ ਆਵਾਜ਼ ਆਈ। ਮੇਰੇ ਕੈਬਿਨ ਦਾ ਦਰਵਾਜ਼ਾ ਖੜਕਿਆ।

''ਕਮ ਇਨ'' ਮੈਂ ਆਵਾਜ਼ ਦਿੱਤੀ। ਰਮੇਸ਼ ਅੰਦਰ ਆਇਆ। ਉਸ ਨੇ ਆਪਣੇ ਹੱਥ ਵਿਚਲਾ ਪੇਪਰ ਮੇਰੇ ਅੱਗੇ ਮੇਜ਼ ਉੱਤੇ ਰੱਖ ਦਿੱਤਾ।

''ਇਹ ਕੀ ਹੈ?'' ਮੈਂ ਉਸ ਨੂੰ ਪੁੱਛਿਆ।

''ਪੜ੍ਹ ਲਓ'' ਉਸ ਨੇ ਹੌਲੀ ਜਿਹੇ ਕਿਹਾ। ਉਸ ਦੀ ਆਵਾਜ਼ ਵਿੱਚ ਮਾਯੂਸੀ ਭਰੀ ਹੋਈ ਸੀ। ਮੈਂ ਪੇਪਰ ਦੀ ਤਹਿ ਖੋਲ੍ਹ ਕੇ ਪੜ੍ਹਿਆ। ਉਸ ਉਤੇ ਰਮੇਸ਼ ਨੇ ਮਾਂ ਦੀ ਬਿਮਾਰੀ ਕਰ ਕੇ ਨੌਕਰੀ ਛੱਡਣ ਬਾਰੇ ਲਿਖਿਆ ਸੀ।

''ਤੂੰ ਇਸ ਤਰ੍ਹਾਂ ਨੌਕਰੀ ਨਹੀਂ ਛੱਡ ਸਕਦਾ। ਤੈਨੂੰ ਪਤਾ ਹੈ ਨਾ ਘੱਟੋ-ਘੱਟ ਇੱਕ ਮਹੀਨਾ ਪਹਿਲਾਂ ਦੱਸਣਾ ਪੈਂਦਾ ਹੈ।'' ਮੈਂ ਉਸ ਨੂੰ ਕਾਨੂੰਨੀ ਪ੍ਰਤੀਕਿਰਿਆ ਸਮਝਾਈ।

''ਤੁਸੀਂ ਇੱਕ ਮਹੀਨੇ ਦੀ ਸੈਲਰੀ ਕੱਟ ਸਕਦੇ ਹੋ। ਮੈਨੂੰ ਇਤਰਾਜ਼ ਨਹੀਂ ਹੋਏਗਾ'' ਉਸ ਨੇ ਸ਼ਾਂਤੀ ਨਾਲ ਕਿਹਾ। ਮੈਂ ਉਸ ਨੂੰ ਕਈ ਤਰ੍ਹਾਂ ਦੇ ਲਾਲਚ ਦੇ ਕੇ ਨੌਕਰੀ ਨਾ ਛੱਡਣ ਲਈ ਮਨਾਉਣਾ ਚਾਹਿਆ।

''ਸਰ ਜੀ, ਤੁਹਾਡਾ ਬਹੁਤ-ਬਹੁਤ ਧੰਨਵਾਦ, ਮੈਨੂੰ ਕਿਸੇ ਲਾਲਚ ਦੀ ਲੋੜ ਨਹੀਂ, ਇਸ ਵੇਲੇ ਮੈਨੂੰ ਆਪਣੀ ਮਾਂ ਦੀ ਅਤੇ ਮਾਂ ਨੂੰ ਮੇਰੀ ਸਖਤ ਲੋੜ ਹੈ। ਨੌਕਰੀਆਂ ਤਾਂ ਹੋਰ ਵੀ ਕਈ ਮਿਲ ਜਾਣਗੀਆਂ, ਪਰ ਜੇ ਨੌਕਰੀ ਦੇ ਚੱਕਰ ਵਿੱਚ ਮਾਂ ਮੈਥੋਂ ਦੂਰ ਚਲੀ ਗਈ ਤਾਂ ਮੈਨੂੰ ਮੁੜ ਕੇ ਇਹੋ ਜਿਹੀ ਪਿਆਰੀ ਮਾਂ ਕਿਤੋਂ ਨਹੀਂ ਮਿਲਣੀ। ਫਿਰ ਸਾਰੀ ਉਮਰ ਇੱਕ ਬੋਝ ਮੇਰੇ ਦਿਲ ਉੱਤੇ ਰਹੇਗਾ ਕਿ ਮੈਂ ਮਾਂ ਦੀ ਸੇਵਾ ਨਹੀਂ ਕਰ ਸਕਿਆ।''

-ਭੂਪਿੰਦਰ ਉਸਤਾਦ

ਫੇਸਬੁੱਕ ਨੂੰ ਆਖਰੀ ਨੋਟਿਸ :

# ਦਿੱਲੀ ਦੰਗਿਆਂ ਦੌਰਾਨ ਸੋਸ਼ਲ ਮੀਡੀਆ ਉਤੇ ਨਫਰਤ ਫੈਲਾਉਣ ਦਾ ਦੋਸ਼ ਲੱਗਾ




ਨਵੀਂ ਦਿੱਲੀ, 21 ਸਤੰਬਰ (ਪੋਸਟ ਬਿਊਰੋ)- ਦਿੱਲੀ ਵਿਧਾਨ ਸਭਾ ਦੀ ਸ਼ਾਂਤੀ ਤੇ ਸਦਭਾਵਨਾ ਕਮੇਟੀ ਵੱਲੋਂ ਫੇਸਬੁੱਕ ਨੂੰ ਦੂਸਰਾ ਅਤੇ ਆਖਰੀ ਨੋਟਿਸ ਜਾਰੀ ਕਰ ਕੇ ਬੁੱਧਵਾਰ ਨੂੰ ਕਮੇਟੀ ਅੱਗੇ ਪੇਸ਼ ਹੋਣ ਲਈ ਕਿਹਾ ਗਿਆ ਹੈ। ਇਸ ਨੋਟਿਸ ਦੇ ਤਹਿਤ ਦਿੱਲੀ ਦੇ ਉਤਰ-ਪੂਰਬੀ ਇਲਾਕੇ ਵਿੱਚ ਹੋਏ ਦੰਗਿਆਂ ਵੇਲੇ ਸੋਸ਼ਲ ਮੀਡੀਆ 'ਤੇ ਨਫਰਤ ਫੈਲਾਉਣ ਤੇ ਪੱਖਪਾਤੀ ਹੋਣ ਦੇ ਦੋਸ਼ਾਂ ਬਾਰੇ ਫੇਸਬੁੱਕ ਦੇ ਅਧਿਕਾਰੀਆਂ ਨੂੰ ਆਪਣਾ ਪੱਖ ਰੱਖਣ ਦਾ ਮੌਕਾ ਦਿੱਤਾ ਜਾਵੇਗਾ। ਇਸ ਤੋਂ ਪਹਿਲਾਂ ਵੀ ਕਮੇਟੀ ਨੇ ਫੇਸਬੁੱਕ ਦੇ ਐਮ ਡੀ ਅਜੀਤ ਮੋਹਨ ਅਤੇ ਹੋਰਨਾਂ ਨੂੰ 15 ਸਤੰਬਰ ਨੂੰ ਪੇਸ਼ ਹੋਣ ਲਈ ਕਿਹਾ ਸੀ, ਪਰ ਫੇਸਬੁੱਕ ਵੱਲੋਂ ਕਮੇਟੀ ਦੀ ਬੈਠਕ ਚੱਲਦੀ ਦੌਰਾਨ ਚਿੱਠੀ ਭੇਜ ਕੇ ਤਰਕ ਦਿੱਤਾ ਗਿਆ ਕਿ ਉਹ ਇਸ ਬਾਰੇ ਪਾਰਲੀਮੈਂਟ ਦੀ ਇੱਕ ਕਮੇਟੀ ਅੱਗੇ ਪੇਸ਼ ਹੋ ਚੁੱਕੇ ਹਨ, ਇਸ ਲਈ ਦਿੱਲੀ ਵਿਧਾਨ ਸਭਾ ਦੀ ਕਮੇਟੀ ਵੱਲੋਂ ਜਾਰੀ ਹੋਏ ਸੰਮਨ ਨੂੰ ਰੱਦ ਕਰ ਦਿੱਤਾ ਜਾਵੇ। ਕੱਲ੍ਹ ਜਾਰੀ ਬਿਆਨ ਵਿੱਚ ਵਿਧਾਨ ਸਭਾ ਦੀ ਕਮੇਟੀ ਨੇ ਕਿਹਾ ਹੈ ਕਿ ਹਾਜ਼ਰੀ ਦੀ ਕਿਸੇ ਵੀ ਅਣਦੇਖੀ ਨੂੰ ਕਮੇਟੀ ਦੇ ਸੰਵਿਧਾਨ ਵੱਲੋਂ ਦਿੱਤੇ ਗਾਰੰਟੀ ਸ਼ੁਦਾ ਅਧਿਕਾਰਾਂ ਦੀ ਉਲੰਘਣਾ ਮੰਨਿਆ ਜਾਵੇਗਾ। ਉਨ੍ਹਾਂ ਕਿਹਾ ਕਿ ਫੇਸਬੁੱਕ ਇੰਡੀਆ ਦੇ ਨੁਮਾਇੰਦੇ ਵੱਲੋਂ ਦਿਖਾਈ ਲਾਪਰਵਾਹੀ ਦਿੱਲੀ ਦੇ ਲੋਕਾਂ ਦੀ ਬੇਇੱਜ਼ਤੀ ਹੈ ਤੇ ਡਿਫਾਲਟਰ ਹੋਣ ਦੀ ਹਾਲਤ ਵਿੱਚ ਕਮੇਟੀ ਵੱਲੋਂ ਆਪਣੀਆਂ ਤਾਕਤਾਂ ਹੇਠ ਫੇਸਬੁੱਕ ਦੇ ਖਿਲਾਫ ਆਪਣੇ ਅਧਿਕਾਰ ਖੇਤਰ ਹੇਠ ਅਗਲੀ ਕਾਰਵਾਈ ਸ਼ੁਰੂ ਕੀਤੀ ਜਾਵੇਗੀ, ਜਿਸ ਦਾ ਕਮੇਟੀ ਨੂੰ ਅਧਿਕਾਰ ਹੈ।

# ਭਾਰਤ ਸਰਕਾਰ ਕਈ ਨਵੇਂ ਗੁਣਾਂ ਵਾਲਾ 250 ਕਰੋੜ ਦਾ ਜਹਾਜ਼ ਖਰੀਦਣ ਲੱਗੀ

ਨਵੀਂ ਦਿੱਲੀ, 21 ਸਤੰਬਰ (ਪੋਸਟ ਬਿਊਰੋ)- ਭਾਰਤ ਵਿੱਚ ਮੌਸਮ ਦਾ ਪਹਿਲਾਂ ਪਤਾ ਲਾਉਣ ਲਈ ਸਰਕਾਰ ਹੋਰ ਵਧੇਰੇ ਹਾਈਟੈਕ ਤਰੀਕਿਆਂ ਦੀ ਵਰਤੋਂ ਕਰੇਗੀ। ਪਤਾ ਲੱਗਾ ਹੈ ਕਿ 250 ਕਰੋੜ ਰੁਪਏ ਦੀ ਲਾਗਤ ਨਾਲ ਸਰਕਾਰ ਇੱਕ ਏਦਾਂ ਦਾ ਜਹਾਜ਼ ਸਿਸਟਮ ਖਰੀਦਣ ਦੀ ਤਿਆਰੀ ਵਿਚ ਹੈ, ਜੋ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਮੌਸਮ ਦੇ ਬਾਰੇ ਸਹੀ ਭਵਿੱਖ ਵਾਣੀ ਕਰਨ ਵਿੱਚ ਮਦਦ ਕਰੇਗਾ। ਵਿਗਿਆਨ ਅਤੇ ਟੈਕਨਾਲੋਜੀ ਪ੍ਰਿਥਵੀ ਵਿਗਿਆਨ ਮੰਤਰਾਲੇ ਇਹ ਜਹਾਜ਼ ਖਰੀਦਣ 'ਤੇ ਵਿਚਾਰ ਕਰ ਰਿਹਾ ਹੈ। ਇਸ ਵਿਭਾਗ ਦੇ ਮੰਤਰੀ ਡਾ. ਹਰਸ਼ਵਰਧਨ ਨੇ ਲੋਕ ਸਭਾ ਵਿੱਚ ਇੱਕ ਸਵਾਲ ਦੇ ਲਿਖਤੀ ਜਵਾਬ ਵਿੱਚ ਜਹਾਜ਼ ਖਰੀਦਣ ਦੇ ਬਾਰੇ ਜਾਣਕਾਰੀ ਦਿੱਤੀ ਹੈ।

ਅਲਸ ਵਿੱਚ ਲੋਕ ਸਭਾ ਵਿੱਚ ਸ਼ੁੱਕਰਵਾਰ ਇੱਕ ਪਾਰਲੀਮੈਂਟ ਮੈਂਬਰ ਨੇ ਸਵਾਲ ਕੀਤਾ ਸੀ ਕਿ ਕੀ ਸਰਕਾਰ ਮੌਸਮ ਦਾ ਪਹਿਲਾਂ ਤੋਂ ਪਤਾ ਲਾਉਣ ਲਈ ਤੇ ਸਬੰਧਤ ਪ੍ਰਯੋਗਾਂ ਵਾਸਤੇ ਇੱਕ ਖਾਸ ਜਹਾਜ਼



ਖਰੀਦਣ ਦੇ ਪ੍ਰਸਤਾਵ 'ਤੇ ਵਿਚਾਰ ਕਰ ਰਹੀ ਹੈ? ਖਰੀਦੇ ਜਾ ਰਹੇ ਵਿਸ਼ੇਸ਼ ਜਹਾਜ਼ ਤੋਂ ਕੀ ਲਾਭ ਹੋਣਗੇ? ਇਸ ਸਵਾਲ ਦਾ ਲਿਖਤੀ ਜਵਾਬ ਦਿੰਦਿਆਂ ਵਿਗਿਆਨ ਅਤੇ ਟੈਕਨਾਲੋਜੀ ਤੇ ਪ੍ਰਿਥਵੀ ਵਿਗਿਆਨ ਮੰਤਰੀ ਡਾ. ਹਰਸ਼ਵਰਧਨ ਨੇ ਦੱਸਿਆ ਕਿ ਮੰਤਰਾਲਾ ਦੇਸ਼ ਵਿੱਚ ਵਾਯੂ ਮੰਡਲੀ ਪ੍ਰਕਿਰਿਆ ਖੋਜਾਂ ਲਈ ਇੱਕ ਜੰਤਰਾਂ ਵਾਲੇ ਵਿਸ਼ੇਸ਼ ਖੋਜ ਜਹਾਜ਼ ਦੀ ਖਰੀਦ ਦੇ ਬਾਰੇ ਵਿਚਾਰ ਕਰ ਰਿਹਾ ਹੈ। ਵਿਗਿਆਨਕ ਜੰਤਰਾਂ ਨਾਲ ਲੈਸ ਇਸ ਜਹਾਜ਼ ਪ੍ਰਣਾਲੀ ਦੀ ਕੀਮਤ ਢਾਈ ਸੌ ਕਰੋੜ ਰੁਪਏ ਹੋ ਸਕਦੀ ਹੈ। ਕੇਂਦਰੀ ਮੰਤਰੀ ਡਾ. ਹਰਸ਼ਵਰਧਨ ਨੇ ਦੱਸਿਆ ਕਿ ਇਸ ਜਹਾਜ਼ ਦੀ ਵਰਤੋਂ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਮੌਸਮ, ਵਾਤਾਵਰਣ ਵਿੱਚ ਵਾਯੂ ਮੰਡਲੀ ਖੋਜ ਸਮੱਸਿਆਵਾਂ ਦੇ ਹੱਲ ਲਈ ਕਰਨ ਦੀ ਸੰਭਾਵਨਾ ਹੈ। ਮੌਸਮ ਬਾਰੇ ਕਲਾਊਡ ਭੌਤਿਕੀ ਡੈਟੇ ਵਿੱਚ ਇਹ ਮਦਦ ਕਰੇਗਾ। ਮੰਤਰੀ ਨੇ ਦੱਸਿਆ ਕਿ ਇਹ ਵਾਯੂ ਪ੍ਰਦੂਸ਼ਣ ਮੁਲਾਂਕਣ ਤੇ ਭਾਰਤ ਵਿੱਚ ਸਿਹਤ, ਦ੍ਰਿਸ਼ ਭਰਪੂਰ, ਜਲਵਾਯੂ ਵਾਤਾਵਰਣ ਤੇ ਜਲ ਵਿਗਿਆਨ ਨਾਲ ਸਬੰਧਤ ਖੋਜਾਂ ਵਿੱਚ ਵੀ ਮਦਦਗਾਰ ਹੋ ਸਕਦਾ ਹੈ।

## ਅਯੁੱਧਿਆ ਵਿੱਚ ਕਾਬਾ ਵਰਗੀ ਬਣ ਸਕਦੀ ਹੈ ਮਸਜਿਦ

ਲਖਨਊ, 21 ਸਤੰਬਰ (ਪੋਸਟ ਬਿਊਰੋ)- ਅਯੁੱਧਿਆ 'ਚ ਬਣਨ ਵਾਲੀ ਮਸਜਿਦ ਮੱਕਾ 'ਚ ਕਾਬਾ ਸ਼ਰੀਫ ਵਾਂਗ ਚੌਕੋਰ ਹੋ ਸਕਦੀ ਹੈ। ਮਸਜਿਦ ਦਾ ਨਾਮ ਕਿਸੇ ਬਾਦਸ਼ਾਹ ਜਾਂ ਰਾਜੇ ਦੇ ਨਾਮ 'ਤੇ ਨਹੀਂ ਰੱਖਿਆ ਜਾਵੇਗਾ।

ਇੰਡੋ-ਇਸਲਾਮਿਕ ਕਲਚਰਲ ਫਾਊਂਡੇਸ਼ਨ ਦੇ ਸਕੱਤਰ ਅਤੇ ਤਰਜਮਾਨ ਅਤਹਰ ਹੁਸੈਨ ਨੇ ਦੱਸਿਆ ਕਿ ਧੰਨੀਪੁਰ ਪਿੰਡ ਵਿੱਚ 15 ਹਜ਼ਾਰ ਸੁਕੇਅਰ ਫੁੱਟ 'ਚ ਮਸਜਿਦ ਬਣਾਈ ਜਾਵੇਗੀ ਅਤੇ ਇਹ ਬਾਬਰੀ ਮਸਜਿਦ ਦੇ ਸਾਈਜ਼ ਜਿੰਨੀ ਹੀ ਹੋਵੇਗੀ। ਉਨ੍ਹਾਂ ਕਿਹਾ ਕਿ ਮਸਜਿਦ ਦੀ ਸ਼ਕਲ ਹੋਰ ਮਸਜਿਦਾਂ ਤੋਂ ਪੂਰੀ ਤਰ੍ਹਾਂ ਨਾਲ ਵੱਖ ਹੋਵੇਗੀ ਅਤੇ ਇਹ ਆਰਕੀਟੈਕਟ ਐਸ ਐਮ ਅਖਤਰ ਦੇ ਸੁਝਾਅ ਦੇ ਮੁਤਾਬਕ ਮੱਕਾ ਤੇ ਕਾਬਾ ਸ਼ਰੀਫ ਵਰਗੀ ਹੋ ਸਕਦੀ ਹੈ। ਉਨ੍ਹਾਂ ਕਿਹਾ ਕਿ ਆਰਕੀਟੈਕਟ ਨੂੰ ਪੂਰੀ ਖੁੱਲ੍ਹ ਦਿੱਤੀ ਗਈ ਹੈ। ਹੁਸੈਨ ਨੇ ਕਿਹਾ ਕਿ ਮਸਜਿਦ ਦਾ ਨਾਮ ਬਾਬਰੀ ਮਸਜਿਦ ਨਹੀਂ ਰੱਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਨੂੰ ਧੰਨੀਪੁਰ ਮਸਜਿਦ ਕਿਹਾ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਟਰੱਸਟ ਨੇ ਆਪਣਾ ਪੋਰਟਲ ਬਣਾਇਆ ਹੈ ਤਾਂ ਜੋ ਲੋਕ ਮਸਜਿਦ ਤੇ ਅਜਾਇਬ ਘਰ, ਹਸਪਤਾਲ ਅਤੇ ਖੋਜ ਕੇਂਦਰ ਲਈ ਦਾਨ ਦੇ ਸਕਣ। ਪੋਰਟਲ 'ਤੇ ਕੌਮੀ ਅਤੇ ਕੌਮਾਂਤਰੀ ਪੱਧਰ ਦੇ ਇਸਲਾਮਕ ਦਾਰਸ਼ਨਿਕਾਂ ਦੇ ਲੇਖ ਵੀ ਮਿਲਣਗੇ।

ਵਰਨਣ ਯੋਗ ਹੈ ਕਿ ਉਤਰ ਪ੍ਰਦੇਸ਼ ਸੁੰਨੀ ਸੈਂਟਰਲ ਵਕਫ ਬੋਰਡ ਨੇ ਸੁਪਰੀਮ ਕੋਰਟ ਦੇ ਨਿਰਦੇਸ਼ਾਂ 'ਤੇ ਪੰਜ ਏਕੜ ਜ਼ਮੀਨ 'ਤੇ ਮਸਜਿਦ ਦੀ ਉਸਾਰੀ ਲਈ ਆਈ ਆਈ ਸੀ ਐਫ ਟਰੱਸਟ ਬਣਾਇਆ ਸੀ।

## ਰਾਜ ਸਭਾ ਦੇ ਨਵੇਂ ਬਣਾਏ ਉਪ ਚੇਅਰਮੈਨ ਖਿਲਾਫ ਬੇਭਰੋਸਗੀ ਦਾ ਨੋਟਿਸ

ਨਵੀਂ ਦਿੱਲੀ, 21 ਸਤੰਬਰ (ਪੋਸਟ ਬਿਊਰੋ)- ਨਰਿੰਦਰ ਮੋਦੀ ਸਰਕਾਰ ਦੇ ਖੇਤੀ ਬਿੱਲਾਂ ਨੂੰ ਰਾਜ ਸਭਾ 'ਚ ਪਾਸ ਕਰਾਉਣ ਦੇ ਢੰਗ ਤੋਂ ਨਾਰਾਜ਼ ਹੋਈਆਂ 12 ਵਿਰੋਧੀ ਪਾਰਟੀਆਂ ਨੇ ਰਾਜ ਸਭਾ ਦੇ ਉਪ ਚੇਅਰਮੈਨ ਹਰੀਵੰਸ਼ ਦੇ ਖਿਲਾਫ ਬੇਭਰੋਸਗੀ ਦਾ ਮਤਾ ਪੇਸ਼ ਕਰਨ ਲਈ ਨੋਟਿਸ ਭੇਜ ਦਿੱਤਾ ਹੈ। ਨੋਟਿਸ ਭੇਜਣ ਵਾਲੀਆਂ ਪਾਰਟੀਆਂ 'ਚ ਕਾਂਗਰਸ, ਤ੍ਰਿਣਮੂਲ ਕਾਂਗਰਸ, ਸਮਾਜਵਾਦੀ ਪਾਰਟੀ, ਤੇਲੰਗਾਨਾ ਰਾਸ਼ਟਰੀ ਸਮਿਤੀ, ਸੀ ਪੀ ਆਈ, ਸੀ ਪੀ ਆਈ ਐਮ, ਨੈਸ਼ਨਲਿਸਟ ਕਾਂਗਰਸ ਪਾਰਟੀ, ਰਾਸ਼ਟਰੀ ਜਨਤਾ ਦਲ, ਨੈਸ਼ਨਲ ਕਾਨਫਰੰਸ, ਡੀ ਐਮ ਕੇ ਅਤੇ ਆਮ ਆਦਮੀ ਪਾਰਟੀ ਸ਼ਾਮਲ ਹਨ।

ਇਸ ਬਾਰੇ ਕਾਂਗਰਸ ਆਗੂ ਅਹਿਮਦ ਪਟੇਲ ਨੇ ਦੱਸਿਆ ਕਿ ਜਿਸ ਢੰਗ ਨਾਲ ਬਿੱਲ ਪਾਸ ਕਰਵਾਏ ਗਏ, ਉਹ ਲੋਕਤੰਤਰ ਦੀ ਹੱਤਿਆ ਹੈ। ਉਪ ਚੇਅਰਮੈਨ ਨੇ ਸਦਨ ਦੀ ਕਾਰਵਾਈ ਮੁਲਤਵੀ ਕਰਨ ਅਤੇ ਵੋਟਿੰਗ ਕਰਾਉਣ ਦੀ ਸਾਡੀ ਮੰਗ ਨੂੰ ਰੱਦ ਕਰ ਦਿੱਤਾ। ਅਸੀਂ ਉਪ ਚੇਅਰਮੈਨ ਦੇ ਵਿਹਾਰ ਅਤੇ ਖੇਤੀ ਬਿੱਲ ਪਾਸ ਕਰਾਉਣ ਦੇ ਢੰਗ ਲਈ ਉਨ੍ਹਾਂ ਖਿਲਾਫ ਬੇਭਰੋਸਗੀ ਦਾ ਨੋਟਿਸ ਦਿੱਤਾ ਹੈ। ਵਰਨਣ ਯੋਗ ਹੈ ਕਿ ਮੌਨਸੂਨ ਇਜਲਾਸ ਦੇ ਪਹਿਲੇ ਦਿਨ 14 ਸਤੰਬਰ ਨੂੰ ਜਨਤਾ ਦਲ (ਯੂ) ਦੇ ਹਰੀਵੰਸ਼ ਨੂੰ ਉਪਰਲੇ ਸਦਨ ਦਾ ਉਪ ਚੇਅਰਮੈਨ ਦੋਬਾਰਾ ਚੁਣਿਆ ਗਿਆ ਸੀ।

ਅਹਿਮਦ ਪਟੇਲ ਨੇ ਕਿਹਾ ਕਿ ਉਪ ਚੇਅਰਮੈਨ ਤੋਂ ਲੋਕਤੰਤਰੀ ਰਵਾਇਤਾਂ ਦੀ ਰਾਖੀ ਦੀ ਆਸ ਸੀ, ਪਰ ਉਨ੍ਹਾਂ ਨੇ ਇਸ ਨੂੰ ਖੋਰਾ ਲਾਉਣ ਦੀ ਕੋਸ਼ਿਸ਼ ਕੀਤੀ ਹੈ। ਬਿੱਲ ਪਾਸ ਹੋਣ ਪਿੱਛੋਂ ਜਦੋਂ ਸਦਨ ਦੀ ਕਾਰਵਾਈ ਮੁਲਤਵੀ ਹੋ ਗਈ ਸੀ ਤਾਂ ਵਿਰੋਧ ਕਰਦੇ ਮੈਂਬਰ ਰਾਜ ਸਭਾ ਅੰਦਰ ਧਰਨੇ 'ਤੇ ਬੈਠ ਗਏ। ਉਨ੍ਹਾਂ ਕਿਹਾ ਕਿ ਸਰਕਾਰ ਜਾਣਦੀ ਸੀ ਕਿ ਉਨ੍ਹਾਂ ਕੋਲ ਰਾਜ ਸਭਾ ਵਿੱਚ ਬਹੁਮਤ ਨਹੀਂ ਹੈ ਜਿਸ ਕਾਰਨ ਉਨ੍ਹਾਂ ਵੋਟਿੰਗ ਕਰਾਉਣ ਤੋਂ ਗੁਰੇਜ਼ ਕੀਤਾ ਸੀ।

## ਪੱਤਰਕਾਰ ਦੀ ਗ੍ਰਿਫਤਾਰੀ ਦਾ ਪੱਤਰਕਾਰ ਯੂਨੀਅਨ ਵੱਲੋਂ ਨੋਟਿਸ

ਹੈਦਰਾਬਾਦ, 21 ਸਤੰਬਰ (ਪੋਸਟ ਬਿਊਰੋ)- 'ਇੰਡੀਅਨ ਜਰਨਲਿਸਟਸ ਯੂਨੀਅਨ' (ਆਈ ਜੇ ਯੂ) ਨੇ ਦਿੱਲੀ ਆਧਾਰਤ ਪੱਤਰਕਾਰ ਰਾਜੀਵ ਸ਼ਰਮਾ ਨੂੰ ਸਰਕਾਰੀ ਭੇਤਾਂ ਬਾਰੇ ਐਕਟ (ਓ ਐਸ ਏ) ਹੇਠ ਦਿੱਲੀ ਪੁਲਸ ਵੱਲੋਂ ਗ੍ਰਿਫਤਾਰ ਕੀਤੇ ਜਾਣ ਦੀ ਨਿਖੇਧੀ ਕੀਤੀ ਹੈ। ਰਾਜੀਵ ਸ਼ਰਮਾ ਉਤੇ ਰੱਖਿਆ ਵਿਭਾਗ ਨਾਲ ਜੁੜੇ ਭੇਤ ਚੀਨ ਨੂੰ ਦੇਣ ਦਾ ਦੋਸ਼ ਲਾਇਆ ਗਿਆ ਹੈ। ਉਹ ਸਿਆਸੀ ਵਿਸ਼ਲੇਸ਼ਕ ਤੇ ਰਣਨੀਤਕ ਮਾਮਲਿਆਂ ਬਾਰੇ ਲਿਖਣ ਵਾਲੇ ਪੱਤਕਾਰ ਹਨ।

ਵਰਨਣ ਯੋਗ ਹੈ ਕਿ ਰਾਜੀਵ ਸ਼ਰਮਾ ਚੀਨੀ ਕਮਿਊਨਿਸਟ ਪਾਰਟੀ ਦੀ ਅੰਗਰੇਜ਼ੀ ਅਖਬਾਰ ਗਲੋਬਲ ਟਾਈਮਜ਼ ਲਈ ਵੀ ਲਿਖਦੇ ਹਨ। ਆਈ ਜੇ ਯੂ ਵੱਲੋਂ ਜਾਰੀ ਬਿਆਨ ਵਿੱਚ ਪ੍ਰਧਾਨ ਕੇ ਸ੍ਰੀਨਿਵਾਸ ਰੈਡੀ, ਸਕੱਤਰ ਜਨਰਲ ਬਲਵਿੰਦਰ ਸਿੰਘ ਜੰਮੂ ਨੇ ਰਾਜੀਵ ਦੀ ਓ ਐਸ ਏ ਤਹਿਤ ਗ੍ਰਿਫਤਾਰੀ ਉਤੇ ਹੈਰਾਨੀ ਪ੍ਰਗਟ ਕੀਤੀ ਹੈ ਕਿਉਂਕਿ ਪੁਲਸ ਨੇ ਖੁਦ ਮੰਨਿਆ ਹੈ ਕਿ ਪੱਤਰਕਾਰ ਨੇ ਜਾਣਕਾਰੀ ਰੱਖਿਆ ਮੰਤਰਾਲੇ ਵਿੱਚੋਂ ਲੀਕ ਨਹੀਂ ਕੀਤੀ। ਆਈ ਜੇ ਯੂ ਨੇ ਕਿਹਾ ਕਿ ਦਿੱਲੀ ਪੁਲਸ ਪੱਤਰਕਾਰਾਂ ਨੂੰ ਕਮਜ਼ੋਰ ਨੁਕਤਿਆਂ 'ਤੇ ਗ੍ਰਿਫਤਾਰ ਕਰਦੀ ਹੈ ਅਤੇ ਮਗਰੋਂ ਉਚ ਅਦਾਲਤਾਂ ਵੱਲੋਂ ਇਸ ਦੀ ਖਿਚਾਈ ਕੀਤੀ ਜਾਂਦੀ ਹੈ। ਇਸ ਬਿਆਨ ਵਿੱਚ ਕਿਹਾ ਗਿਆ ਹੈ ਕਿ ਦਿੱਲੀ ਪੁਲਸ ਨੇ ਇਸ ਤੋਂ ਪਹਿਲਾਂ ਕਸ਼ਮੀਰ ਟਾਈਮਜ਼ ਦੇ ਲਈ ਕੰਮ ਕਰਦੇ ਰਹੇ ਸੀਨੀਅਰ ਪੱਤਰਕਾਰ ਇਫਤਿਖਾਰ ਗਿਲਾਨੀ ਅਤੇ ਐਸ ਐਮ ਕੇ ਕਾਜ਼ਮੀ ਨੂੰ ਪਾਕਿਸਤਾਨ ਅਤੇ ਇਰਾਨ ਨੂੰ ਸੰਵੇਦਨਸ਼ੀਲ ਸੂਚਨਾਵਾਂ ਦੇਣ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਸੀ। ਇਹ ਦੋਸ਼ ਫਿਰ ਅਦਾਲਤ ਨੇ ਰੱਦ ਕਰ ਦਿੱਤੇ ਸਨ, ਪਰ ਪੱਤਰਕਾਰਾਂ ਤੇ ਉਨ੍ਹਾਂ ਦੇ ਪਰਵਾਰਾਂ ਨੂੰ ਬੇਹੱਦ ਪ੍ਰੇਸ਼ਾਨੀ ਸਹਿਣੀ ਪਈ। ਆਈ ਜੇ ਯੂ ਨੇ ਰਾਜੀਵ ਸ਼ਰਮਾ ਨੂੰ ਤੁਰੰਤ ਰਿਹਾਅ ਕਰਨ ਦੀ ਮੰਗ ਕੀਤੀ ਹੈ। ਜਥੇਬੰਦੀ ਨੇ ਕਿਹਾ ਹੈ ਕਿ ਪੱਤਰਕਾਰ ਜਨਤਕ ਤੌਰ 'ਤੇ ਉਪਲਬਧ ਜਾਣਕਾਰੀ ਦੇ ਆਧਾਰ ਉਤੇ ਹੀ ਰੱਖਿਆ ਰਣਨੀਤੀ ਦਾ ਵਿਸ਼ਲੇਸ਼ਣ ਕਰ ਰਿਹਾ ਸੀ, ਜੋ ਉਸ ਦੇ ਕੰਮ ਦਾ ਹਿੱਸਾ ਹੈ।

## ਠਾਕਰੇ ਪਿਓ-ਪੁੱਤਰ ਅਤੇ ਸੁਪ੍ਰਿਆ ਸੁਲੇ ਖਿਲਾਫ ਝੂਠੇ ਐਫੀਡੇਵਿਟ ਪੇਸ਼ ਕਰਨ ਦੇ ਦੋਸ਼





ਨਵੀਂ ਦਿੱਲੀ, 21 ਸਤੰਬਰ (ਪੋਸਟ ਬਿਊਰੋ)- ਭਾਰਤ ਦੇ ਚੋਣ ਕਮਿਸ਼ਨ ਨੇ ਕੇਂਦਰੀ ਸਿੱਧੇ ਟੈਕਸਾਂ ਬਾਰੇ ਬੋਰਡ ਨੂੰ ਚੇਤੇ ਕਰਵਾਇਆ ਹੈ ਕਿ ਉਹ ਮਹਾਰਾਸ਼ਟਰ ਦੇ ਮੁੱਖ ਮੰਤਰੀ ਊਧਵ ਠਾਕਰੇ, ਉਸ ਦੇ ਪੁੱਤਰ ਮੰਤਰੀ ਅਦਿਤਿਆ ਠਾਕਰੇ ਅਤੇ ਐਨ ਸੀ ਪੀ ਪਾਰਟੀ ਦੀ ਲੋਕ ਸਭਾ ਮੈਂਬਰ ਸੁਪ੍ਰਿਆ ਸੁਲੇ ਵੱਲੋਂ ਪੇਸ਼ ਝੂਠੇ ਐਫੀਡੇਵਿਟਾਂ ਦੀ ਜਾਂਚ ਕਰੇ।

ਜਾਣਕਾਰ ਸੂਤਰਾਂ ਨੇ ਕਿਹਾ ਕਿ ਸਿੱਧੇ ਕੇਂਦਰੀ ਟੈਕਸਾਂ ਬਾਰੇ ਬੋਰਡ ਕੋਲ ਮਹੀਨਾ ਕੁ ਪਹਿਲਾਂ ਸ਼ਿਕਾਇਤਾਂ ਆਈਆਂ ਸਨ ਅਤੇ ਸੀ ਬੀ ਡੀ ਟੀ ਨੂੰ ਬੇਨਤੀ ਕੀਤੀ ਗਈ ਸੀ ਕਿ ਉਹ ਚੋਣ ਐਫੀਡੇਵਿਟਾਂ ਵਿੱਚ ਦੱਸੇ ਜਾਇਦਾਦ ਦੇ ਵੇਰਵਿਆਂ ਬਾਰੇ ਤਸਦੀਕ ਕਰੇ। ਇਸ ਸਮੇਂ ਲੋਕ ਪ੍ਰਤੀਨਿਧਤਾ ਐਕਟ ਦੀ ਧਾਰਾ 125ਏ ਹੇਠ ਜੇ ਕੋਈ ਵਿਅਕਤੀ ਐਫੀਡੇਵਿਟ ਵਿੱਚ ਗਲਤ ਜਾਣਕਾਰੀ ਦਿੰਦਾ ਹੈ ਤਾਂ ਉਸ ਨੂੰ ਛੇ ਮਹੀਨੇ ਜੇਲ੍ਹ ਜਾਂ ਜੁਰਮਾਨਾ ਹੋ ਸਕਦਾ ਹੈ ਜਾਂ ਦੋਵੇਂ ਸਜ਼ਾਵਾਂ ਹੋ ਸਕਦੀਆਂ ਹਨ। ਇਸ ਸਾਲ ਜੂਨ ਤੱਕ ਚੋਣ ਕਮਿਸ਼ਨ ਸ਼ਿਕਾਇਤ ਕਰਤਾਵਾਂ ਨੂੰ ਇਹ ਆਖਦਾ ਰਿਹਾ ਸੀ ਕਿ ਉਹ ਝੂਠੇ ਐਫੀਡੇਵਿਟਾਂ ਦੇ ਕੇਸਾਂ 'ਚ ਸਿੱਧੇ ਅਦਾਲਤਾਂ ਕੋਲ ਪਹੁੰਚ ਕਰਨ। 16 ਜੂਨ ਨੂੰ ਕਮਿਸ਼ਨ ਨੇ ਐਲਾਨ ਕੀਤਾ ਕਿ ਉਹ ਅਪਰਾਧਕ ਇਤਿਹਾਸ, ਜਾਇਦਾਦਾਂ, ਦੇਣਦਾਰੀਆਂ ਅਤੇ ਵਿਦਿਅਕ ਯੋਗਤਾ ਬਾਰੇ ਚੋਣ ਐਫੀਡੇਵਿਟਾਂ ਦੌਰਾਨ ਗਲਤ ਜਾਂ ਝੂਠੀ ਜਾਣਕਾਰੀ ਦੇਣ ਸਬੰਧੀ ਸ਼ਿਕਾਇਤਾਂ ਦਾ ਖੁਦ ਨੋਟਿਸ ਲੈਂਦਿਆਂ ਯੋਗ ਏਜੰਸੀਆਂ ਕੋਲ ਇਹ ਮਾਮਲੇ ਪਹੁੰਚਾਉਣਗੇ।

# ਹਿਮਾਚਲੀ ਹੱਦ ਖੁੱਲ੍ਹਣ 'ਤੇ ਸੈਲਾਨੀਆਂ ਦੀ ਦਸਤਕ

ਸ਼ਿਮਲਾ, 21 ਸਤੰਬਰ (ਪੋਸਟ ਬਿਊਰੋ)- ਹਿਮਾਚਲ ਪ੍ਰਦੇਸ਼ ਦੀ ਹੱਦ ਖੁੱਲ੍ਹਣ ਪਿੱਛੋਂ ਹਿਲਸ ਕਵੀਨ ਸ਼ਿਮਲਾ ਸੈਲਾਨੀਆਂ ਨਾਲ ਇੱਕ ਵਾਰ ਫਿਰ ਗੁਲਜ਼ਾਰ ਹੋਣ ਲੱਗਾ ਹੈ। ਤਕਰੀਬਨ ਸੱਤ ਮਹੀਨੇ ਬਾਅਦ ਏਥੇ ਸੈਲਾਨੀਆਂ ਦੀ ਰੌਣਕ ਦੇਖਣ ਨੂੰ ਮਿਲੀ। ਬਾਰਡਰ ਖੁੱਲ੍ਹਣ ਦੇ ਬਾਅਦ ਪਹਿਲੇ ਵੀਕੈਂਡ 'ਤੇ ਹਿਲਸ ਕਵੀਨ ਵਿੱਚ ਸੈਲਾਨੀ ਵੱਡੀ ਗਿਣਤੀ ਵਿੱਚ ਪਹੁੰਚ ਗਏ ਅਤੇ ਦੋ ਦਿਨਾਂ ਦੇ ਵੀਕੈਂਡ 'ਤੇ ਸ਼ਹਿਰ ਦੇ ਹੋਟਲਾਂ ਵਿੱਚ ਆਕਿਊਪੈਂਸੀ 60 ਫੀਸਦੀ ਤੋਂ ਉਪਰ ਪਹੁੰਚ ਗਈ ਹੈ। ਸੈਲਾਨੀਆਂ ਦੇ ਸ਼ਿਮਲਾ ਪਹੁੰਚਣ ਨਾਲ ਪਾਰਕਿੰਗ ਵੀ ਪੈਕ ਹੋ ਗਈ ਹੈ। ਵਰਨਣ ਯੋਗ ਹੈ ਕਿ ਲੰਮੇ ਸਮੇਂ ਬਾਅਦ ਸੈਲਾਨੀਆਂ ਨੇ ਸ਼ਿਮਲੇ ਵਿੱਚ ਖੂਬ ਮਸਤੀ ਕੀਤੀ ਹੈ ਅਤੇ ਰਿਜ ਮੈਦਾਨ, ਸਕੈਂਡਲ ਪੁਆਇੰਟ, ਲੱਕੜ ਬਾਜ਼ਾਰ ਅਤੇ ਮਾਲ ਰੋਡ 'ਤੇ ਸੈਲਾਨੀ ਘੁੰਮਦੇ ਦਿਖਾਈ ਦਿੱਤੇ। ਇਸ ਦੇ ਇਲਾਵਾ ਸੈਲਾਨੀਆਂ ਨੇ ਨਾਲ ਦੇਹਰਾ, ਕੁਫਰੀ, ਫਾਗੂ, ਗਲੂ, ਮਸ਼ੋਬਰਾ ਦਾ ਵੀ ਰੁਖ਼ ਕੀਤਾ, ਜਿਸ ਨਾਲ ਸੈਲਾਨੀ ਕਾਰੋਬਾਰ ਨਾਲ ਜੁੜੇ ਹੋਏ ਕਾਰੋਬਾਰੀਆਂ ਦੇ ਚਿਹਰੇ 'ਤੇ ਰੌਣਕ ਦਿਖਾਈ ਦਿੱਤੀ ਹੈ। ਰਾਜਧਾਨੀ ਸ਼ਿਮਲਾ ਵਿੱਚ ਗੁਆਂਢੀ ਸੂਬਿਆਂ ਚੰਡੀਗੜ੍ਹ, ਪੰਜਾਬ, ਹਰਿਆਣਾ ਅਤੇ ਦਿੱਲੀ ਤੋਂ ਭਾਰੀ ਗਿਣਤੀ ਵਿੱਚ ਸੈਲਾਨੀ ਵੀਕੈਂਡ 'ਤੇ ਪਹੁੰਚੇ ਹਨ।

ਵਿਸ਼ਵ ਪ੍ਰਸਿੱਧ ਸੈਲਾਨੀ ਸਥਾਨ ਕੁਫਰੀ ਵਿੱਚ ਸਾਰਾ ਦਿਨ ਸੈਲਾਨੀਆਂ ਦੀਆਂ ਗੱਡੀਆਂ ਦੀ ਆਵਾਜਾਈ ਲੱਗੀ ਰਹੀ। ਕੁਦਰਤੀ ਸੁੰਦਰਤਾ ਦਾ ਆਨੰਦ ਲੈਣ ਲਈ ਸੈਲਾਨੀਆਂ ਨੇ ਨਾਰਕੰਡਾ ਦਾ ਵੀ ਰੁਖ਼ ਕੀਤਾ। ਕੋਰੋਨਾ ਇਨਫੈਕਸ਼ਨ ਦੇ ਖਤਰੇ ਨੂੰ ਲੈ ਕੇ ਸੋਸ਼ਲ ਡਿਸਟੈਂਸਿੰਗ ਦੇ ਨਿਯਮਾਂ ਨੂੰ ਲਾਗੂ ਕਰਨ ਅਤੇ ਜ਼ਰੂਰੀ ਰੂਪ ਤੋਂ ਮਾਸਕ ਪਹਿਨਣ ਦੇ ਲਈ ਲੋਕਾਂ ਨੂੰ ਜਾਗਰੂਕ ਕਰਨ ਲਈ ਸ਼ਿਮਲਾ ਪੁਲਸ ਨੇ ਵੱਡੀ ਗਿਣਤੀ ਪੁਲਸ ਮੁਲਾਜ਼ਮਾਂ ਦੀ ਤੈਨਾਤੀ ਕੀਤੀ ਹੋਈ ਹੈ।

## ਕਰਜ਼ੇ ਤੋਂ ਪ੍ਰੇਸ਼ਾਨ ਕਿਸਾਨ ਨੇ ਖ਼ੁਦਕੁਸ਼ੀ ਕਰ ਲਈ

ਰਾਮਪੁਰਾ ਫੂਲ, 21 ਸਤੰਬਰ (ਪੋਸਟ ਬਿਊਰੋ)- ਨੇੜਲੇ ਪਿੰਡ ਦਿਆਲਪੁਰ ਮਿਰਜਾ ਦੇ ਇੱਕ ਕਿਸਾਨ ਨੇ ਆਪਣੇ ਸਿਰ ਚੜ੍ਹੇ ਕਰਜ਼ੇ ਤੋਂ ਪ੍ਰੇਸ਼ਾਨ ਹੋ ਕੇ ਸਲਫ਼ਾਸ ਖਾ ਕੇ ਖ਼ੁਦਕੁਸ਼ੀ ਕਰ ਲਈ ਹੈ।

ਮਿਲੀ ਜਾਣਕਾਰੀ ਮੁਤਾਬਕ ਮ੍ਰਿਤਕ ਕਿਸਾਨ ਕਰਨੈਲ ਸਿੰਘ (65) ਪੁੱਤਰ ਚੰਨਣ ਸਿੰਘ ਛੇ ਏਕੜ ਜ਼ਮੀਨ ਦਾ ਮਾਲਕ ਸੀ, ਜਿਸ ਵਿੱਚੋਂ ਚਾਰ ਏਕੜ ਜ਼ਮੀਨ ਪਹਿਲਾਂ ਹੀ ਵਿਕ ਚੁੱਕੀ ਸੀ ਤੇ ਇਸ ਪਿੱਛੋਂ ਵੀ ਉਸ ਸਿਰ ਕਰੀਬ ਸਾਢੇ ਨੌਂ ਲੱਖ ਰੁਪਏ ਕਰਜਾ ਬਕਾਇਆ ਖੜ੍ਹਾ ਸੀ। ਮ੍ਰਿਤਕ ਕਿਸਾਨ ਦੇ ਸਪੁੱਤਰਾਂ ਗਰਮੀਤ ਸਿੰਘ ਤੇ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਕਰਜੇ ਦੀਆਂ ਪ੍ਰੇਸ਼ਾਨੀਆਂ ਕਾਰਨ ਕੱਲ੍ਹ ਰਾਤ ਕਰਨੈਲ ਸਿੰਘ ਨੇ ਜ਼ਹਿਰੀਲੀ ਚੀਜ਼ ਖਾ ਲਈ। ਇਸ ਬਾਰੇ ਪਤਾ ਲੱਗਣ 'ਤੇ ਪਰਵਾਰ ਵੱਲੋਂ ਉਸ ਨੂੰ ਇਲਾਜ ਲਈ ਸਿਵਲ ਹਸਪਤਾਲ ਬਠਿੰਡਾ ਵਿਖੇ ਲਿਜਾਇਆ ਗਿਆ, ਪਰ ਉਥੇ ਜਾ ਕੇ ਉਸ ਦੀ ਮੌਤ ਹੋ ਗਈ। ਥਾਣਾ ਭਗਤਾ ਭਾਈ ਦੀ ਪੁਲਸ ਨੇ ਇਸ ਸਬੰਧ ਵਿੱਚ ਮ੍ਰਿਤਕ ਕਿਸਾਨ ਦੇ ਸਪੁੱਤਰ ਗੁਰਮੀਤ ਸਿੰਘ ਦੇ ਬਿਆਨਾਂ ਉਤੇ ਧਾਰਾ 174 ਦੀ ਕਾਰਵਾਈ ਕੀਤੀ ਹੈ।

ਹਰਸਿਮਰਤ ਕੌਰ ਦਾ ਫਿਰ ਯੂ-ਟਰਨ :

# ਖੇਤੀ ਬਿੱਲਾਂ ਬਾਰੇ ਵਿਰੋਧੀ ਪਾਰਟੀਆਂ ਉੱਤੇ ਕਿਸਾਨਾਂ ਨੂੰ ਗੁਮਰਾਹ ਕਰਨ ਦਾ ਦੋਸ਼ ਲਾਇਆ

ਜਲੰਧਰ, 21 ਸਤੰਬਰ (ਪੋਸਟ ਬਿਊਰੋ)- ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਦਾ ਕਹਿਣਾ ਹੈ ਕਿ ਭਾਰਤ ਸਰਕਾਰ ਦੇ ਖੇਤੀ ਬਿੱਲਾਂ ਦੇ ਵਿਰੋਧ 'ਚ ਕਿਸਾਨਾਂ ਦੇ ਧਰਨਿਆਂ ਪਿੱਛੇ ਵਿਰੋਧੀ ਸਿਆਸੀ ਪਾਰਟੀਆਂ ਦੀ ਭੜਕਾਊ ਸੋਚ ਕੰਮ ਕਰ ਰਹੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਆਪਣੀਆਂ ਨਾਕਾਮੀਆਂ ਨੂੰ ਲੁਕਾਉਣ ਲਈ ਕਾਂਗਰਸ ਅਤੇ ਆਮ ਆਦਮੀ ਪਾਰਟੀ ਕਿਸਾਨਾਂ ਨੂੰ ਗੁੰਮਰਾਹ ਕਰ ਰਹੀਆਂ ਹਨ।

ਇਸ ਸੰਬੰਧ ਵਿੱਚ ਹਰਸਿਮਰਤ ਕੌਰ ਬਾਦਲ ਦਾ ਕਹਿਣਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਵੱਲੋਂ 14 ਅਗਸਤ 2017 ਨੂੰ ਪੰਜਾਬ ਵਿਧਾਨ ਸਭਾ ਵਿੱਚ ਐਕਟ ਪਾਸ ਕੀਤਾ ਗਿਆ ਸੀ, ਜਿਸ ਵਿੱਚ ਉਨ੍ਹਾਂ ਨੇ ਖੁਦ ਪ੍ਰਾਈਵੇਟ ਮੰਡੀਆਂ ਲਾਏ ਜਾਣ, ਈ-ਟ੍ਰੇਡਿੰਗ ਅਤੇ ਉਪਜ ਦੀ



ਸਿੱਧੀ ਵਿਕਰੀ ਦੀਆਂ ਮੱਦਾਂ ਰੱਖੀਆਂ ਸਨ। ਐਕਟ ਵਿੱਚ ਇਹ ਗੱਲ ਸ਼ਾਮਲ ਸੀ ਕਿ ਕੋਈ ਵੀ ਵਿਅਕਤੀ ਲਾਇਸੈਂਸ ਲੈ ਕੇ ਮੰਡੀ ਲਾ ਸਕਦਾ ਹੈ ਤੇ ਕੋਈ ਵੀ ਲਾਇਸੈਂਸ ਲਈ ਅਪਲਾਈ ਕਰ ਸਕਦਾ ਹੈ। ਕਿਸਾਨ ਕਿਤੇ ਵੀ ਉਪਜ ਦੀ ਵਿਕਰੀ ਕਰ ਸਕਦਾ ਹੈ। ਜਦ ਕੇਂਦਰ ਸਰਕਾਰ ਨੇ ਖੇਤੀ ਆਰਡੀਨੈਂਸਾਂ ਨੂੰ ਲਾਗੂ ਕੀਤਾ ਹੈ ਤਾਂ ਲੋਕਾਂ ਨੂੰ ਭੜਕਾਇਆ ਜਾ ਰਿਹਾ ਹੈ।

ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਮੋਦੀ ਸਰਕਾਰ ਵੱਲੋਂ ਜਿਹੜੇ ਖੇਤੀ ਆਰਡੀਨੈਂਸ ਲਿਆਂਦੇ ਗਏ ਹਨ, ਉਹ ਕਿਸਾਨਾਂ ਨੂੰ ਆਜ਼ਾਦੀ ਦਿੰਦੇ ਹਨ ਕਿ ਉਹ ਸਿਰਫ ਮੰਡੀਆਂ ਰਾਹੀਂ ਨਹੀਂ, ਉਹ ਆਪਣੀ ਫਸਲ ਸਰਕਾਰੀ ਏਜੰਸੀ, ਨਿੱਜੀ ਵਪਾਰੀਆਂ ਜਾਂ ਜਿੱਥੇ ਵੀ ਉਨ੍ਹਾਂ ਨੂੰ ਚੰਗੀ ਕੀਮਤ ਮਿਲਦੀ ਹੋਵੇ, ਜਾ ਕੇ ਵੇਚ ਸਕਦੇ ਹਨ। ਇਨ੍ਹਾਂ ਆਰਡੀਨੈਂਸਾਂ ਦੇ ਆਉਣ ਨਾਲ ਕੋਈ ਵੀ ਵਿਅਕਤੀ ਸਰਕਾਰ ਕੋਲੋਂ ਲਾਇਸੈਂਸ ਲੈ ਕੇ ਮੰਡੀ ਲਾ ਸਕਦਾ ਹੈ।

ਇਸ ਦੌਰਾਨ ਅਕਾਲੀ ਦਲ ਦੇ ਸਰਪ੍ਰਸਤ ਅਤੇ ਪੰਜ ਵਾਰੀਆਂ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਖੇਤੀਬਾੜੀ ਬਿੱਲਾਂ ਬਾਰੇ ਆਪਣੀ ਨੂੰਹ ਹਰਸਿਮਰਤ ਕੌਰ ਬਾਦਲ ਵੱਲੋਂ ਦਿੱਤੇ ਅਸਤੀਫੇ ਨੂੰ ਸਹੀ ਠਹਿਰਾਇਆ ਹੈ। ਬਾਦਲ ਨੇ ਕਿਹਾ, 'ਮੈਨੂੰ ਖੁਸ਼ੀ ਵੀ ਹੈ ਤੇ ਮਾਣ ਵੀ ਕਿ ਮੇਰੀ ਪਾਰਟੀ ਕਿਸਾਨਾਂ ਅਤੇ ਸਮਾਜ ਦੇ ਬਾਕੀ ਵਰਗਾਂ ਲਈ ਡਟ ਕੇ ਖੜ੍ਹੀ ਹੈ।' ਬਾਦਲ ਨੇ ਕਿਹਾ ਕਿ ਉਨ੍ਹਾਂ ਨੂੰ ਪੂਰਾ ਵਿਸ਼ਵਾਸ ਹੈ ਕਿ ਦਲਿਤਾਂ ਅਤੇ ਲੋੜਵੰਦ ਵਰਗਾਂ ਲਈ ਲੜਨ ਵਾਲੀ ਪਾਰਟੀ ਦਾ ਗੌਰਵਮਈ ਇਤਿਹਾਸ ਸੁਰੱਖਿਅਤ ਹੱਥਾਂ 'ਚ ਹੈ। ਉਨ੍ਹਾਂ ਨੇ ਅਸਤੀਫਾ ਦੇਣ 'ਤੇ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਲੋਕ ਅਕਾਲੀ ਲੀਡਰਸ਼ਿਪ ਤੋਂ ਇਹੀ ਆਸ ਕਰਦੇ ਹਨ। ਉਨ੍ਹਾਂ ਕਿਹਾ, 'ਮੈਂ ਇਸ ਗੱਲ ਤੋਂ ਬੇਹੱਦ ਸੰਤੁਸ਼ਟ ਤੇ ਮਾਣ ਮਹਿਸੂਸ ਕਰਦਾ ਹਾਂ ਕਿ ਇਸ ਸਮੇਂ ਪਾਰਟੀ ਦੀ ਮੌਜੂਦਾ ਲੀਡਰਸ਼ਿਪ ਪੂਰੀ ਤਰ੍ਹਾਂ ਲੋਕਾਂ, ਖਾਸ ਕਰ ਕੇ ਕਿਸਾਨਾਂ ਦੀਆਂ ਆਸਾਂ 'ਤੇ ਖਰੀ ਉਤਰੀ ਹੈ।'

## ਮੋਟੀ ਕਮਾਈ ਦੇ ਬਾਵਜੂਦ ਖੰਡਾਂ ਮਿੱਲ ਮਾਲਕਾਂ ਵਲੋਂ ਗੰਨਾ ਕਿਸਾਨਾਂ ਨੂੰ ਅਦਾਇਗੀ ਨਹੀਂ ਹੋ ਰਹੀ

ਗੁਰਦਾਸਪੁਰ, 21 ਸਤੰਬਰ (ਪੋਸਟ ਬਿਊਰੋ)- ਪੰਜਾਬ ਵਿੱਚ ਗੰਨੇ ਦੀ ਕਟਾਈ ਦਾ ਸੀਜਨ ਸ਼ੁਰੂ ਹੋਣ ਵਿੱਚ ਕੁਝ ਹਫ਼ਤੇ ਦਾ ਸਮਾਂ ਰਹਿ ਜਾਣ ਦੇ ਬਾਵਜੂਦ ਕੋਅਪਰੇਟਿਵ ਅਤੇ ਪ੍ਰਾਈਵੇਟ ਖੰਡ ਮਿੱਲਾਂ ਵੱਲੋਂ ਅਜੇ ਤੱਕ ਪਿਛਲੀਆਂ ਅਦਾਇਗੀਆਂ ਕਰਨ ਦਾ ਕੰਮ ਵੀ ਮੁਕੰਮਲ ਨਹੀਂ ਕੀਤਾ ਜਾ ਸਕਿਆ। ਇਸ ਸਾਲ ਖੰਡ ਅਤੇ ਸੀਰੇ ਦੇ ਰੇਟ ਵਧਣ ਕਾਰਨ ਪਿਛਲੇ ਸਾਲ ਦੇ ਮੁਕਾਬਲੇ ਵੱਧ ਹੋਣ ਕਾਰਨ ਮੋਟੀ ਕਮਾਈ ਵਾਲੀਆਂ ਖੰਡਾਂ ਮਿੱਲਾਂ ਗੰਨਾ ਕਾਸ਼ਤਕਾਰਾਂ ਦੀਆਂ ਅਦਾਇਗੀਆਂ ਦੱਬ ਕੇ ਬੈਠੀਆਂ ਹਨ। ਏਹੀ ਨਹੀਂ ਇਸ ਸਾਲ ਕੋਰੋਨਾ ਵਾਇਰਸ ਨੇ ਕਿਸਾਨਾਂ ਦੀ ਆਰਥਿਕਤਾ ਅਤੇ ਹੋਰ ਕੰਮਾਂ ਨੂੰ ਪ੍ਰਭਾਵਿਤ ਕੀਤਾ ਹੈ, ਪਰ ਪ੍ਰਾਈਵੇਟ ਖੰਡ ਮਿੱਲਾਂ ਲਈ ਇਹ ਵਾਇਰਸ ਇੱਕ ਤਰ੍ਹਾਂ ਨਾਲ ਵਰਦਾਨ ਸਿੱਧ ਹੋਇਆ ਹੈ ਕਿਉਂਕਿ ਅਨੇਕਾਂ ਖੰਡ ਮਿੱਲਾਂ ਨੇ ਇਸ ਸਾਲ ਸੈਨੇਟਾਈਜਰ ਤਿਆਰ ਕਰਕੇ ਵੀ ਚੰਗੀ ਕਮਾਈ ਕੀਤੀ ਹੈ, ਪਰ ਕਿਸਾਨਾਂ ਦੀਆਂ ਅਦਾਇਗੀਆਂ ਦੇ ਕੇਸ ਵਿੱਚ ਚੁੱਪ ਬੈਠੀਆਂ ਖੰਡ ਮਿੱਲਾਂ ਪ੍ਰਤੀ ਕਿਸਾਨ ਜਥੇਬੰਦੀਆਂ ਅੰਦਰ ਭਾਰੀ ਰੋਸ ਪਾਇਆ ਜਾ ਰਿਹਾ ਹੈ।

ਮਿਲੀ ਜਾਣਕਾਰੀ ਅਨੁਸਾਰ ਇਸ ਸਾਲ ਖੰਡ ਦਾ ਰੇਟ 3500 ਤੋਂ 4000 ਰੁਪਏ ਪ੍ਰਤੀ ਕੁਇੰਟਲ ਰਿਹਾ ਹੈ ਜਦੋਂ ਕਿ ਪਿਛਲੇ ਸਾਲ ਇਹ 3000 ਰੁਪਏ ਪ੍ਰਤੀ ਕੁਇੰਟਲ ਦੇ ਕਰੀਬ ਸੀ। ਇਸ ਦੇ ਨਾਲ ਇਸ ਸਾਲ ਸੀਰੇ ਦੇ ਰੇਟ ਦਾ ਦੁਗਣੇ ਤੋਂ ਜ਼ਿਆਦਾ ਵਾਧਾ ਹੋਇਆ ਹੈ। ਪਿਛਲੇ ਸਾਲਾਂ ਦੌਰਾਨ ਸੀਰੇ ਦਾ ਰੇਟ ਤਕਰੀਬਨ 350 ਤੋਂ 550 ਰੁਪਏ ਪ੍ਰਤੀ ਕੁਇੰਟਲ ਤੱਕ ਰਹਿੰਦਾ ਸੀ, ਪਰ ਇਸ ਸੀਜਨ ਵਿੱਚ ਇਹ 850 ਤੋਂ 900 ਰੁਪਏ ਤੱਕ ਜਾਣ ਨਾਲ ਮਿੱਲਾਂ ਦੀ ਆਮਦਨ ਵਿੱਚ ਵਾਧਾ ਹੋਇਆ ਹੈ। ਪਿਛਲੇ ਸਾਲ ਪੰਜਾਬ ਵਿੱਚ ਵੱਖ-ਵੱਖ ਕੋਅਪਰੇਟਿਵ ਤੇ ਪ੍ਰਾਈਵੇਟ ਖੰਡ ਮਿੱਲਾਂ ਨੇ 561.21 ਲੱਖ ਕੁਇੰਟਲ ਗੰਨਾ ਪੀੜਿਆ ਸੀ ਜਿਸ ਵਿੱਚੋਂ ਕਰੀਬ 70 ਫੀਸਦੀ ਗੰਨਾ ਪ੍ਰਾਈਵੇਟ ਮਿੱਲਾਂ ਨੇ ਪੀੜਿਆ ਸੀ। ਇਸ ਗੰਨੇ ਦੀਆਂ ਕੁੱਲ 1739.70 ਕਰੋੜ ਰੁਪਏ ਦੀਆਂ ਰਕਮਾਂ ਵਿੱਚੋਂ 1432 ਕਰੋੜ ਰੁਪਏ ਦੀਆਂ ਅਦਾਇਗੀਆਂ ਹੋ ਚੁੱਕੀਆਂ ਹਨ ਅਤੇ 307 ਕਰੋੜ ਰੁਪਏ ਅਜੇ ਵੀ ਅਦਾ ਨਹੀਂ ਕੀਤੇ ਗਏ। ਇਸ ਵਿੱਚ ਕੋਅਪਰੇਟਿਵ ਖੰਡ ਮਿੱਲਾਂ ਵੱਲ ਕਿਸਾਨਾਂ ਦੇ ਕਰੀਬ 100 ਕਰੋੜ ਰੁਪਏ ਬਕਾਇਆ ਹਨ ਅਤੇ ਬਾਕੀ ਦੀਆਂ ਅਦਾਇਗੀਆਂ ਪ੍ਰਾਈਵੇਟ ਮਿੱਲਾਂ ਨੇ ਰੋਕੀਆਂ ਹੋਈਆਂ ਹਨ।

ਪੰਜਾਬ ਦੇ ਗੰਨਾ ਕਮਿਸ਼ਨਰ ਗੁਰਵਿੰਦਰ ਸਿੰਘ ਦਾ ਕਹਿਣਾ ਹੈ ਕਿ ਕਿਸਾਨਾਂ ਨੂੰ ਸਮੇਂ ਸਿਰ ਅਦਾਇਗੀ ਨਾ ਕਰਨ ਵਾਲੀਆਂ ਖੰਡ ਮਿੱਲਾਂ ਨੂੰ ਕਈ ਨੋਟਿਸ ਭੇਜੇ ਜਾ ਚੁੱਕੇ ਹਨ ਅਤੇ ਨਿਯਮਾਂ ਦੀ ਉਲੰਘਣਾ ਕਰਕੇ ਅਦਾਇਗੀਆਂ ਲੇਟ ਕਰਨ ਵਾਲੀਆਂ ਮਿੱਲਾਂ ਕੋਲੋਂ ਕਿਸਾਨਾਂ ਨੂੰ ਲੇਟ ਰਕਮ 'ਤੇ 14 ਫੀਸਦੀ ਵਿਆਜ ਲਈ ਵੀ ਨੋਟਿਸ ਭੇਜੇ ਗਏ ਸਨ।

## 4 ਸਾਲ ਪਹਿਲਾਂ ਦੀ ਵਿਦੇਸ਼ ਗਈ ਮਹਿਲਾ ਕਲਰਕ ਨੂੰ ਬਰਖਾਸਤ ਕਰਨ ਦੀ ਕਾਰਵਾਈ ਸ਼ੁਰੂ

ਜਲੰਧਰ, 21 ਸਤੰਬਰ (ਪੋਸਟ ਬਿਊਰੋ)- ਰੀਜ਼ਨਲ ਟਰਾਂਸਪੋਰਟ ਸਕੱਤਰ ਦਫਤਰ ਵਿੱਚ ਕਲਰਕ ਕੋਮਲਪ੍ਰੀਤ ਕੌਰ ਨੂੰ ਸਸਪੈਂਡ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ। ਪਤਾ ਲੱਗਾ ਹੈ ਕਿ ਇਥੇ ਤੈਨਾਤ ਮਹਿਲਾ ਕਲਰਕ 2017 ਦੇ ਜੁਲਾਈ ਤੋਂ ਡਿਊਟੀ 'ਤੇ ਨਹੀਂ ਆ ਰਹੀ ਅਤੇ ਇਸ ਕਾਰਨ ਉਸ ਦੇ ਖਿਲਾਫ ਜਨਤਕ ਲੈਟਰ ਜਾਰੀ ਕਰ ਕੇ ਉਨ੍ਹਾਂ ਨੂੰ 13 ਅਕਤੂਬਰ ਨੂੰ ਆਪਣਾ ਜਵਾਬ ਦਾਇਰ ਦੇਣ ਨੂੰ ਕਿਹਾ ਗਿਆ ਹੈ, ਪਰ ਸਹੀ ਜਵਾਬ ਨਾ ਦੇਵੇਗੀ ਤਾਂ ਉਸ ਨੂੰ ਸਸਪੈਂਡ ਕਰ ਦਿੱਤਾ ਜਾਏਗਾ। ਮਿਲੀ ਜਾਣਕਾਰੀ ਮੁਤਾਬਕ ਮਹਿਲਾ ਸਟਾਫ ਮੈਂਬਰ ਤਿੰਨ ਸਾਲ ਤੋਂ ਲਗਾਤਾਰ ਡਿਊਟੀ 'ਤੇ ਨਹੀਂ ਆ ਰਹੀ। ਪਹਿਲਾ ਇੱਕ ਸਾਲ ਉਨ੍ਹਾਂ ਦੇ ਇੰਤਜ਼ਾਰ ਵਿੱਚ ਲੰਘ ਗਿਆ। ਦੂਸਰੇ ਸਾਲ ਉਨ੍ਹਾਂ ਦੀ ਗੈਰ ਹਾਜ਼ਰੀ 'ਤੇ ਸਸਪੈਂਡ ਕਰਨ ਦਾ ਪ੍ਰੋਸੀਜਰ ਸ਼ੁਰੂ ਹੋਇਆ। ਇਸ ਵੇਲੇ ਉਨ੍ਹਾਂ ਨੂੰ ਨੌਕਰੀ ਤੋਂ ਬਰਖਾਸਤ ਕਰਨ ਦੀ ਪ੍ਰਕਿਰਿਆ ਸ਼ੁਰੂ ਕੀਤੀ ਗਈ ਹੈ। ਇਸ ਤੋਂ ਪਹਿਲਾਂ ਮਹਿਲਾ ਕਲਰਕ ਨੂੰ ਲੁਧਿਆਣਾ ਦੇ ਪਤੇ 'ਤੇ ਲੈਟਰ ਭੇਜ ਕੇ ਡਿਊਟੀ 'ਤੇ ਹਾਜ਼ਰ ਹੋਣ ਨੂੰ ਕਿਹਾ ਗਿਆ ਸੀ, ਪਰ ਉਥੋਂ ਕੋਈ ਜਵਾਬ ਨਹੀਂ ਆਇਆ। ਮਹਿਲਾ ਮੁਲਾਜ਼ਮ 'ਤੇ ਪਹਿਲਾਂ ਹੀ ਚਾਰਜਸ਼ੀਟ ਦਾਇਰ ਕੀਤੀ ਜਾ ਚੁੱਕੀ ਹੈ। ਮੌਜੂਦਾ ਸਟੇਟਸ ਦੇ ਅਨੁਸਾਰ ਉਨ੍ਹਾਂ 'ਤੇ ਲੱਗੇ ਦੋਸ਼ ਸਹੀ ਸਾਬਤ ਪਾਏ ਗਏ ਹਨ, ਜਿਨ੍ਹਾਂ ਅਨੁਸਾਰ ਉਹ ਬਗੈਰ ਛੁੱਟੀ ਲਏ ਲੰਮੇ ਸਮੇਂ ਤੋਂ ਗੈਰ ਹਾਜ਼ਰ ਹਨ।

## ਦਿੱਲੀ ਦੀ ਕਲੱਬ ਦੀ ਮਹਿਲਾ ਬਾਊਂਸਰ ਹੈਰੋਇਨ ਸਮੇਤ ਕਾਬੂ

ਜਲੰਧਰ, 21 ਸਤੰਬਰ (ਪੋਸਟ ਬਿਊਰੋ)- ਦਿੱਲੀ ਦੀ ਇੱਕ ਕਲੱਬ 'ਚ ਮਹਿਲਾ ਬਾਊਂਸਰ ਵਜੋਂ ਨੌਕਰੀ ਕਰਦੀ ਤੇ ਪਿਛਲੇ 20 ਸਾਲਾਂ ਤੋਂ ਦਿੱਲੀ ਵਿੱਚ ਰਹਿੰਦੀ ਔਰਤ ਤੋਂ 300 ਗ੍ਰਾਮ ਹੈਰੋਇਨ ਬਰਾਮਦ ਕਰ ਕੇ ਜਲੰਧਰ ਦਿਹਾਤੀ ਪੁਲਸ ਦੇ ਸੀ ਆਈ ਏ ਸਟਾਫ਼ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਮਹਿਲਾ ਦੀ ਪਛਾਣ ਅੰਜੂ ਰਾਜਪੂਤ ਪਤਨੀ ਕੁਲਦੀਪ ਸਿੰਘ ਵਾਸੀ ਧਰਮਪੁਰਾ, ਨਜ਼ਫਗੜ੍ਹ, ਨਵੀਂ ਦਿੱਲੀ ਵਜੋਂ ਹੋਈ ਹੈ।


ਐਸ ਪੀ (ਜਾਂਚ) ਮਨਦੀਪ ਸਿੰਘ ਢਿੱਲੋਂ ਨੇ ਦੱਸਿਆ ਹੈ ਕਿ ਡੀ ਐਸ ਪੀ ਰਣਜੀਤ ਸਿੰਘ ਦੀ ਅਗਵਾਈ ਹੇਠ ਸੀ ਆਈ ਏ ਸਟਾਫ਼ ਦੇ ਇੰਚਾਰਜ



ਜਰਨੈਲ ਸਿੰਘ ਦੀ ਪੁਲਸ ਪਾਰਟੀ ਨੇ ਕਰਤਾਰਪੁਰ ਰੋਡ 'ਤੇ ਅਮਾਨਤਪੁਰ ਮੋੜ ਨੇੜੇ ਇੱਕ ਕਾਰ ਨੂੰ ਰੋਕ ਕੇ ਉਸ ਦੀ ਜਾਂਚ ਕੀਤੀ ਤਾਂ ਕਾਰ 'ਚ ਸਵਾਰ ਅੰਜੂ ਰਾਜਪੂਤ ਦੇ ਬੈਗ 'ਚੋਂ ਹੈਰੋਇਨ ਮਿਲੀ। ਜਾਂਚ ਵਿੱਚ ਪਤਾ ਲੱਗਾ ਕਿ ਅੰਜੂ ਨੇ ਕਾਰ ਛੇ ਹਜ਼ਾਰ ਰੁਪਏ ਵਿਚ ਕਿਰਾਏ 'ਤੇ ਲਈ ਸੀ, ਜਿਸ ਨੂੰ ਸੋਮੀ ਪੁੱਤਰ ਓਮ ਪ੍ਰਕਾਸ਼ ਵਾਸੀ ਬੁੱਢਾ ਖੇੜਾ, ਜੀਂਦ, ਹਰਿਆਣਾ ਚਲਾ ਰਿਹਾ ਸੀ। ਅੰਜੂ ਨੇ ਦੱਸਿਆ ਕਿ ਉਹ ਪਿਛਲੇ 20 ਸਾਲ ਤੋਂ ਧਰਮਪੁਰਾ, ਨਜ਼ਬਗੜ੍ਹ 'ਚ ਰਹਿ ਰਹੀ ਹੈ ਅਤੇ ਕਲੱਬ 'ਚ ਬਾਊਂਸਰ ਦੀ ਨੌਕਰੀ ਕਰਦੀ ਹੈ। ਕਲੱਬ 'ਚ ਉਸ ਦੀ ਇੱਕ ਏ ਕੇ ਨਾਮ ਦੇ ਵਿਅਕਤੀ ਨਾਲ ਮੁਲਾਕਾਤ ਹੋਈ, ਜਿਸ ਕੋਲੋਂ ਹੈਰੋਇਨ ਲੈ ਕੇ ਉਹ ਪੰਜਾਬ ਦੇ ਵੱਖ-ਵੱਖ ਖੇਤਰਾਂ ਵਿੱਚ ਸਪਲਾਈ ਕਰਦੀ ਸੀ। ਅੰਜੂ ਦੇ ਖ਼ਿਲਾਫ਼ ਮੁਕੱਦਮਾ ਦਰਜ ਕਰਕੇ ਬਣਦੀ ਅਗਲੀ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ।

# ਪਾਕਿਸਤਾਨ ਦੀ ਅਗਵਾਈ ਨਾਕਾਬਲ ਬੰਦੇ ਨੂੰ ਦਿੱਤੀ ਪਈ ਹੈ: ਨਵਾਜ਼ ਸ਼ਰੀਫ

ਇਸਲਾਮਾਬਾਦ, 21 ਸਤੰਬਰ (ਪੋਸਟ ਬਿਊਰੋ)- ਲੰਡਨ ਵਿੱਚ ਆਪਣਾ ਇਲਾਜ ਕਰਵਾ ਰਹੇ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਨੇ ਇੱਕ ਤਰ੍ਹਾਂ ਨਾਲ ਸਿਆਸੀ ਵਾਪਸੀ ਕਰਨੀ ਸ਼ੁਰੂ ਕਰ ਦਿੱਤੀ ਹੈ। ਕੱਲ੍ਹ ਐਤਵਾਰ ਨੂੰ ਵਿਰੋਧੀ ਪਾਰਟੀਆਂ ਦੇ ਸਰਬ ਪਾਰਟੀ ਸੰਮੇਲਨ ਵਿੱਚ ਆਪਣੇ ਆਨਲਾਈਨ ਭਾਸ਼ਣ ਦੇ ਦੌਰਾਨ ਨਵਾਜ਼ ਸ਼ਰੀਫ ਪੂਰੀ ਤਰ੍ਹਾਂ ਪਾਕਿਸਤਾਨ ਦੀ ਸਰਬ ਸ਼ਕਤੀਮਾਨ ਫੌਜ 'ਤੇ ਟੁੱਟ ਪਏ। ਉਨ੍ਹਾਂ ਨੇ ਕਿਹਾ, ਵਿਰੋਧੀ ਧਿਰਾਂ ਪ੍ਰਧਾਨ ਮੰਤਰੀ ਇਮ-ਰਾਨ ਖਾਨ ਦੇ ਖਿਲਾਫ ਨਹੀਂ, ਉਨ੍ਹਾਂ ਲੋਕਾਂ ਦੇ ਖਿਲਾਫ ਹਨ, ਜਿਨ੍ਹਾਂ ਨੇ ਇੱਕ 'ਨਾਕਾਬਲ' ਸ਼ਖਸ ਨੂੰ ਕੁਰਸੀ 'ਤੇ ਬਿਠਾ ਦਿੱਤਾ ਹੈ। ਨਵਾਜ਼ ਸ਼ਰੀਫ ਨੇ ਫੌਜ ਨੂੰ ਸਾਵਧਾਨ ਕਰਦੇ ਹੋਏ ਕਿਹਾ ਕਿ ਉਹ ਰਾਜਨੀਤੀ ਤੋਂ ਦੂਰ ਰਹੇ, ਸੰਵਿਧਾਨ ਦਾ ਪਾਲਣ ਕਰੇ ਤੇ ਕਾਇਦੇ ਆਜ਼ਮ ਮੁਹੰਮਦ ਅਲੀ ਜਿੰਨਾਹ ਦੇ ਦੱਸੇ ਰਸਤੇ 'ਤੇ ਚੱਲੇ। ਸ਼ਰੀਫ ਨੇ ਕਿਹਾ ਕਿ ਸਾਡੀ ਲੜਾਈ ਇਮਰਾਨ ਨਾਲ ਨਹੀਂ, ਅਸੀਂ ਤਾਂ ਉਨ੍ਹਾਂ ਦੇ ਖਿਲਾਫ ਹਾਂ ਜਿਨ੍ਹਾਂ ਨੇ ਇੱਕ ਨਾਕਾਬਲ ਬੰਦੇ ਨੂੰ ਹਕੂਮਤ ਵਿੱਚ ਲਿਆਉਣ ਲਈ ਚੋਣਾਂ ਵਿੱਚ ਹੇਰਾਫੇਰੀ ਕੀਤੀ ਅਤੇ ਦੇਸ਼ ਨੂੰ ਬਰਬਾਦ ਕਰ ਦਿੱਤਾ। ਇਸ ਸਿਲੈਕਟਿਡ ਸਰਕਾਰ ਨੂੰ ਹਟਾਉਣਾ ਸਰਬਉਚ ਪਹਿਲ ਹੋਣੀ ਚਾਹੀਦੀ ਹੈ, ਜੇ ਅਜਿਹਾ ਨਾ ਹੋਇਆ ਤਾਂ ਦੇਸ਼



ਨੂੰ ਭਾਰੀ ਨੁਕਸਾਨ ਉਠਾਉਣਾ ਪਵੇਗਾ। ਸ਼ਰੀਫ ਨੇ ਇਮਰਾਨ ਖਾਨ ਸਰਕਾਰ ਬਾਰੇ ਕਿਹਾ ਕਿ ਸਰਕਾਰ ਜਨਤਾ ਦੀਆਂ ਬੁਨਿਆਦੀ ਸਮੱਸਿਆਵਾਂ ਨਾਲ ਵੀ ਨਹੀਂ ਨਿਪਟ ਸਕੀ। ਅਸੀਂ ਇਸ ਦੇਸ਼ ਨੂੰ ਆਪਣੀ ਹੀ ਨਹੀਂ, ਦੁਨੀਆ ਦੀਆਂ ਨਜ਼ਰਾਂ ਵਿੱਚ ਵੀ ਮਜ਼ਾਕ ਬਣਾ ਕੇ ਰੱਖ ਦਿੱਤਾ।

ਸੱਤਰ ਸਾਲਾਂ ਦੇ ਨਵਾਜ਼ ਸ਼ਰੀਫ ਪਾਕਿਸਤਾਨ ਮੁਸਲਿਮ ਲੀਗ (ਨਵਾਜ਼) ਦੇ ਸਰਪ੍ਰਸਤ ਹਨ। ਲਾਹੌਰ ਹਾਈ ਕੋਰਟ ਤੋਂ ਚਾਰ ਹਫਤੇ ਲਈ ਵਿਦੇਸ਼ ਜਾਣ ਦੀ ਖੁੱਲ੍ਹ ਮਿਲਣ ਪਿੱਛੋਂ ਸ਼ਰੀਫ ਪਿਛਲੇ ਨਵੰਬਰ ਤੋਂ ਲੰਡਨ ਵਿੱਚ ਹਨ। ਇਹ ਬੈਠਕ ਇਮਰਾਨ ਖਾਨ ਦੀ ਸਰਕਾਰ ਦੇ ਖਿਲਾਫ ਅੰਦੋਲਨ ਸ਼ੁਰੂ ਕਰਨ ਦੀ ਰਣਨੀਤੀ ਬਣਾਉਣ ਲਈ ਬੁਲਾਈ ਗਈ ਸੀ। ਜ਼ਿਕਰ ਯੋਗ ਹੈ ਕਿ ਪਾਕਿਸਤਾਨ 'ਚ ਇਮਰਾਨ ਖਿਲਾਫ ਗੁੱਸਾ ਵੱਧਦਾ ਜਾ ਰਿਹਾ ਹੈ।

# ਚੀਨ ਨੇ ਨੇਪਾਲ ਦੇ ਇੱਕ ਹੋਰ ਹਿੱਸੇ 'ਤੇ ਕਬਜ਼ਾ ਕਰ ਲਿਆ

ਕਾਠਮੰਡੂ, 21 ਸਤੰਬਰ (ਪੋਸਟ ਬਿਊਰੋ)- ਠੰਡ ਦੇ ਮੌਸਮ ਅਤੇ ਨੇਪਾਲੀ ਸੁਰੱਖਿਆ ਮੁਲਾਜ਼ਮਾਂ ਦੀ ਗੈਰ-ਮੌਜੂਦਗੀ ਦਾ ਲਾਭ ਉਠਾ ਕੇ ਚੀਨ ਨੇ ਨੇਪਾਲ ਦੇ ਇੱਕ ਹੋਰ ਹਿੱਸੇ 'ਤੇ ਕਬਜ਼ਾ ਕਰ ਲਿਆ ਹੈ। ਚੀਨ ਨੇ ਸਰਹੱਦ ਅੰਦਰ ਨੇਪਾਲ ਦੇ ਹੁਮਲਾ ਜ਼ਿਲ੍ਹੇ ਦੇ ਨਾਮਖਾ ਪਿੰਡ ਵਿੱਚ ਗੁਪਤ ਤਰੀਕੇ ਨਾਲ 9 ਇਮਾਰਤਾਂ ਉਸ ਥਾਂ ਬਣਾ ਲਈਆਂ ਹਨ, ਜਿਸ ਦੇ ਨੇੜੇ ਨੇਪਾਲ ਦੇ ਆਮ ਨਾਗਰਿਕਾਂ ਦੀ ਐਂਟਰੀ ਰੋਕ ਦਿੱਤੀ ਗਈ ਹੈ।



ਇਹ ਖੁਲਾਸਾ ਉਦੋਂ ਹੋਇਆ ਜਦੋਂ ਉਸ ਪਿੰਡ ਦੀ ਸਭਾ ਦੇ ਪ੍ਰਧਾਨ ਵਿਸ਼ਣੂੰ ਬਹਾਦੁਰ ਲਾਮਾ ਸਰਹੱਦੀ ਖੇਤਰ ਵਿੱਚ ਗਏ। ਉਨ੍ਹਾਂ ਦੱਸਿਆ ਕਿ ਲਿਮੀ ਪਿੰਡ ਦੇ ਲਾਪਚਾ ਖੇਤਰ ਵਿੱਚ ਚੀਨੀ ਫੌਜੀਆਂ ਨੇ ਇਕੱਠੀਆਂ 9 ਇਮਾਰਤਾਂ ਬਣਾਉਣ ਦਾ ਕੰਮ ਲੱਗਭਗ ਪੂਰਾ ਕਰ ਲਿਆ ਹੈ। ਲਾਮਾ ਨੇ ਫੋਨ 'ਤੇ ਦੱਸਿਆ ਕਿ ਵਾਰ-ਵਾਰ ਪੁੱਛ ਗਿੱਛ ਕਰਨ ਤੋਂ ਬਾਅਦ ਉਥੇ ਭਵਨ ਨਿਰਮਾਣ ਦੇ ਕੰਮ ਵਿੱਚ ਲੱਗੇ ਚੀਨੀ ਫੌਜੀ ਆਪਣਾ ਸਾਮਾਨ ਲੈ ਕੇ ਚੀਨੀ ਸਰਹੱਦ ਵਿੱਚ ਆਣ ਵੜੇ। ਆਪਣੇ ਮੋਬਾਈਲ ਨਾਲ ਬਹੁਤ ਦੂਰੋਂ ਨਵੀਆਂ ਬਣੀਆਂ ਇਮਾਰਤਾਂ ਦੀ ਫੋਟੋ ਲੈ ਕੇ ਭੇਜਣ ਵਾਲੇ ਲਾਮਾ ਨੇ ਕਿਹਾ ਕਿ ਦੋਹਾਂ ਦੇਸ਼ਾਂ ਦੀ ਸਰਹੱਦ ਤੋਂ ਇੱਕ ਕਿਲੋਮੀਟਰ ਨੇਪਾਲ ਵੱਲ ਇਨ੍ਹਾਂ ਇਮਾਰਤਾਂ ਨੂੰ ਬਣਾਇਆ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਸਰਹੱਦ ਦੀ ਸੁਰੱਖਿਆ ਵਿੱਚ ਰਹਿ ਰਹੇ ਚੀਨ ਦੇ ਫੌਜੀ ਅਧਿਕਾਰੀਆਂ ਨਾਲ ਵੀ ਉਨ੍ਹਾਂ ਨੇ ਗੱਲ ਕਰਨ ਦੀ ਕੋਸ਼ਿਸ਼ ਕੀਤੀ, ਪਰ ਉਨ੍ਹਾਂ ਦਾ ਕੋਈ ਵੀ ਜਵਾਬ ਨਹੀਂ ਆਇਆ ਅਤੇ ਉਨ੍ਹਾਂ ਨੂੰ ਉਸ ਖੇਤਰ ਤੋਂ ਚਲੇ ਜਾਣ ਨੂੰ ਕਿਹਾ ਗਿਆ।

ਸਥਾਨਕ ਲੋਕ ਨੁਮਾਇੰਦੇ ਨੇ ਦੱਸਿਆ ਕਿ ਪਿਛਲੇ ਸਾਲ ਜਦੋਂ ਚੀਨੀ ਧਿਰ ਨੇ ਲਿਮੀ ਅਤੇ ਲਾਪਚਾ ਵਿਚਾਲੇ ਸੜਕ ਬਣਾਈ ਸੀ, ਓਦੋਂ ਸਿਰਫ ਤਿੰਨ ਇਮਾਰਤਾਂ ਦਾ ਢਾਂਚਾ ਖੜ੍ਹਾ ਕੀਤਾ ਸੀ ਜਿਸ ਨੂੰ ਨੇਪਾਲ ਦੇ ਵਿਰੋਧ ਪਿੱਛੋਂ ਬੰਦ ਕਰ ਦਿੱਤਾ ਸੀ, ਪਰ ਅਚਾਨਕ 9 ਇਮਾਰਤਾਂ ਤਿਆਰ ਹੋ ਗਈਆਂ ਹਨ ਅਤੇ ਉਨ੍ਹਾਂ ਦੀ ਫਿਨਿਸ਼ਿੰਗ ਦਾ ਕੰਮ ਚੱਲ ਰਿਹਾ ਹੈ।






# ਅਫ਼ਗਾਨਿਸਤਾਨ ਵਿੱਚ ਫ਼ੌਜ ਦੇ ਹਵਾਈ ਹਮਲੇ 'ਚ 24 ਨਾਗਰਿਕਾਂ ਦੀ ਮੌਤ



ਕਾਬਲ, 21 ਸਤੰਬਰ (ਪੋਸਟ ਬਿਊਰੋ)- ਉਤਰੀ ਅਫ਼ਗਾਨਿਸਤਾਨ 'ਚ ਸਰਕਾਰੀ ਫੋਰਸਾਂ ਵੱਲੋਂ ਕੀਤੇ ਹਵਾਈ ਹਮਲੇ 'ਚ 24 ਨਾਗਰਿਕ ਮਾਰੇ ਗਏ, ਜਿਨ੍ਹਾਂ 'ਚ ਬੱਚੇ ਵੀ ਸ਼ਾਮਲ ਹਨ। ਹਮਲੇ ਵਿੱਚ ਛੇ ਹੋਰ ਲੋਕ ਜ਼ਖ਼ਮੀ ਹੋ ਗਏ।

ਇਸ ਬਾਰੇ ਦੋ ਗਵਾਹਾਂ ਨੇ ਦੱਸਿਆ ਕਿ ਉਤਰੀ ਕੁੰਦੁਜ਼ ਸੂਬੇ 'ਚ ਸਈਟ ਰਮਜ਼ਾਨ ਪਿੰਡ 'ਤੇ ਕੀਤੇ ਹਵਾਈ ਹਮਲੇ 'ਚ ਮਾਰੇ ਗਏ ਲੋਕਾਂ 'ਚ ਬਹੁਤੇ ਆਮ ਨਾਗਰਿਕ ਸਨ। ਸੂਬੇ 'ਚ ਖਾਨਾਬਾਦ ਜ਼ਿਲ੍ਹੇ 'ਚ ਇਹ ਪਿੰਡ ਤਾਲਿਬਾਨ ਦੇ ਕਬਜ਼ੇ ਹੇਠ ਹੈ। ਅਫ਼ਗਾਨ ਰੱਖਿਆ ਮੰਤਰਾਲੇ ਨੇ ਦੱਸਿਆ ਕਿ ਹਵਾਈ ਹਮਲੇ 'ਚ 30 ਤਾਲੀਬਾਨੀ ਅੱਤਵਾਦੀ ਮਾਰੇ ਗਏ, ਪਰ ਉਨ੍ਹਾਂ ਨੇ ਕਿਹਾ ਕਿ ਨਾਗਰਿਕਾਂ ਦੇ ਮਾਰੇ ਜਾਣ ਦੇ ਦਾਅਵੇ ਦੀ ਜਾਂਚ ਕੀਤੀ ਜਾ ਰਹੀ ਹੈ। ਇਹ ਹਵਾਈ ਹਮਲਾ ਉਸ ਸਮੇਂ ਹੋਇਆ ਜਦੋਂ ਤਾਲਿਬਾਨ ਅਤੇ ਸਰਕਾਰ ਵੱਲੋਂ ਨਿਯੁਕਤ ਕੀਤੇ ਅਧਿਕਾਰੀ ਪਹਿਲੀ ਵਾਰ ਕਤਰ ਵਿਚ ਅਫ਼ਗਾਨਿਸਤਾਨ ਦੇ ਭਵਿੱਖ ਅਤੇ ਦਹਾਕਿਆਂ ਪੁਰਾਣੇ ਯੁੱਧ ਅਤੇ ਵਿਵਾਦ ਨੂੰ ਸਮਾਪਤ ਕਰਨ ਲਈ ਮੀਟਿੰਗ ਕਰ ਰਹੇ ਹਨ।

ਪਿੰਡ ਵਾਸੀਆਂ ਨੇ ਦੱਸਿਆ ਕਿ ਪਹਿਲਾਂ ਹਮਲਾ ਤਾਲਿਬਾਨੀ ਅੱਤਵਾਦੀ ਦੇ ਘਰ 'ਤੇ ਕੀਤਾ ਗਿਆ, ਧਮਾਕਾ ਹੋਣ ਦੇ ਬਾਅਦ ਨੇੜਲੇ ਘਰ ਨੂੰ ਅੱਗ ਲੱਗ ਗਈ, ਜਿਸ ਨਾਲ ਉਸ ਘਰ 'ਚ ਰਹਿੰਦਾ ਪਰਵਾਰ ਅੰਦਰ ਹੀ ਫਸ ਗਿਆ। ਇੱਕ ਪਿੰਡ ਵਾਸੀ ਲਤੀਫ ਰਹਿਮਾਨੀ ਨੇ ਦੱਸਿਆ ਕਿ ਕਿਸਾਨ ਅਤੇ ਹੋਰ ਪਿੰਡ ਵਾਸੀਆਂ ਨੂੰ ਜਦੋਂ ਅੱਗ ਤੋਂ ਬਚਾਇਆ ਤਾਂ ਉਸੇ ਸਮੇਂ ਦੂਜਾ ਹਵਾਈ ਹਮਲਾ ਹੋਇਆ ਅਤੇ ਬਹੁਤ ਸਾਰੇ ਲੋਕ ਮਾਰੇ ਗਏ। ਤਾਲਿਬਾਨ ਦੇ ਬੁਲਾਰੇ ਜ਼ਬੀਹੁੱਲਾ ਮੁਜ਼ਾਹਿਦ ਨੇ ਹਵਾਈ ਹਮਲੇ ਦੀ ਨਿੰਦਾ ਕੀਤੀ ਤੇ ਕਿਹਾ ਕਿ ਤਾਲੀਬਾਨ ਹਮਲੇ ਦੇ ਸਮੇਂ ਉਸ ਇਲਾਕੇ 'ਚ ਕੋਈ ਵੀ ਫ਼ੌਜੀ ਕਾਰਵਾਈ ਨਹੀਂ ਸੀ ਕਰ ਰਿਹਾ, ਇਹ ਸਿਰਫ ਸਰਕਾਰੀ ਕਾਰਵਾਈ ਹੋ ਸਕਦੀ ਹੈ।

# ਵ੍ਹਾਈਟ ਹਾਊਸ ਦੇ ਪਤੇ ਉਤੇ ਆਏ ਲਿਫ਼ਾਫ਼ੇ ਵਿੱਚ ਜ਼ਹਿਰ ਹੋਣ ਦੀ ਪੁਸ਼ਟੀ



ਵਾਸ਼ਿੰਗਟਨ, 21 ਸਤੰਬਰ (ਪੋਸਟ ਬਿਊਰੋ)- ਅਮਰੀਕਾ ਵਿੱਚ ਫੈਡਰਲ ਅਧਿਕਾਰੀਆਂ ਨੇ ਵ੍ਹਾਈਟ ਹਾਊਸ ਦੇ ਪਤੇ ਉੱਤੇ ਆਏ ਇੱਕ ਲਿਫ਼ਾਫ਼ੇ ਵਿੱਚ ਜ਼ਹਿਰ 'ਰਿਸਿਨ' ਹੋਣ ਦਾ ਪਤਾ ਲਾਇਆ ਹੈ।

ਇੱਕ ਅਧਿਕਾਰੀ ਨੇ ਪ੍ਰੈਸ ਨੂੰ ਦੱਸਿਆ ਕਿ ਇਹ ਚਿੱਠੀ ਉਸ ਸਰਕਾਰੀ ਵਿਭਾਗ ਵਿੱਚ ਫੜੀ ਗਈ ਜੋ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਰਾਸ਼ਟਰਪਤੀ ਦਫ਼ਤਰ ਵ੍ਹਾਈਟ ਹਾਊਸ ਲਈ ਆਉਣ ਵਾਲੀ ਡਾਕ ਦੀ ਜਾਂਚ ਕਰਦਾ ਹੈ। ਅਧਿਕਾਰੀ ਨੇ ਦੱਸਿਆ ਕਿ ਸ਼ੁਰੂ ਦੀ ਜਾਂਚ ਵਿੱਚ ਇਸ ਵਿੱਚ 'ਰਿਸਿਨ' ਹੋਣ ਦੀ ਪੁਸ਼ਟੀ ਹੋਈ ਹੈ। ਇਹ ਕੈਸਟਰ ਸੀਡ (ਅਰੰਡੀ ਦੇ ਬੀਜ) ਵਿੱਚ ਸੁਭਾਵਕ ਰੂਪ ਵਿੱਚ ਪਾਇਆ ਜਾਣ ਵਾਲਾ ਜ਼ਹਿਰੀਲਾ ਪਦਾਰਥ ਹੈ। ਫੈਡਰਲ ਜਾਂਚ ਕਰਤਾ ਇਹ ਪਤਾ ਲਾ ਰਹੇ ਹਨ ਕਿ ਇਹ ਲਿਫ਼ਾਫ਼ਾ ਕਿੱਥੋਂ ਆਇਆ ਅਤੇ ਕਿਸ ਨੇ ਭੇਜਿਆ ਹੈ। ਐਫ਼ ਬੀ ਆਈ, ਸੀਕਰੇਟ ਸਰਵਿਸ ਅਤੇ ਅਮਰੀਕੀ ਡਾਕ ਨਿਰੀਖਣ ਸੇਵਾ ਜਾਂਚ ਦੀ ਅਗਵਾਈ ਕਰ ਰਹੇ ਹਨ। ਐਫ਼ ਬੀ ਆਈ ਨੇ ਇੱਕ ਬਿਆਨ ਵਿੱਚ ਕਿਹਾ ਕਿ ਏਜੰਟ 'ਅਮਰੀਕੀ ਸਰਕਾਰੀ ਡਾਕ ਵਿਭਾਗ ਵਿੱਚ ਆਈ ਇਸ ਸ਼ੱਕੀ ਚਿੱਠੀ ਦੀ ਜਾਂਚ ਹੋ ਰਹੀ ਹੈ ਤੇ ਇਸ ਦਾ ਜਨਤਕ ਸੁਰੱਖਿਆ ਲਈ ਕੋਈ ਖ਼ਤਰਾ ਨਹੀਂ ਹੈ।' ਜ਼ਿਕਰ ਯੋਗ ਹੈ ਕਿ ਸਮੁੰਦਰੀ ਫੌਜ ਦੇ ਇੱਕ ਸੀਨੀਅਰ ਕਰਮਚਾਰੀ ਨੂੰ ਟਰੰਪ ਅਤੇ ਉਨ੍ਹਾਂ ਦੇ ਪ੍ਰਸ਼ਾਸਨ ਦੇ ਮੈਂਬਰਾਂ ਨੂੰ ਇਸ ਪ੍ਰਕਾਰ ਦੇ ਲਿਫ਼ਾਫ਼ੇ ਭੇਜਣ ਦੇ ਦੋਸ਼ ਵਿੱਚ 2018 ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ।




**FRESH & LARGE VARIETY**
Bread , Derry & Eggs
Branded Foods
Fruits & Vegetables
Beverages & Confectionery
Grocery & Staples
Sweet & Samosas

**SERVING FROM ALL LOCATIONS IN GTA AREA:**

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017








**NEW CONDOS COMING SOON**
Beautiful nature, luxurious amenities, a rooftop lifestyle park, close to urban conveniences, in vibrant downtown Mississauga.

**Starting From $440,900**

**FREE ASSIGNMENT**
PERMISSION TO LEASE DURING OCCUPANCY
CAPPED DEVELOPMENT CHARGERS

QUICK FACTS
Developer: Liberty Developments
Nearest Intersection: Hurontario & Eglinton
Suite Types: 1 Bedroom – 3 Bedroom Suites

EXTENDED DEPOSIT STRUCTURE
$5,000 with offer
Balance to 5% in 30 days
2.5% in 60 days
2.5% in 90 days
2.5% in 370 days
2.5% in 540 days
5% on Occupancy



Residential
Commercial
Investment

Century 21
President Realty Inc
Brokerage*
Independently Owned and Operated.
Grewalhomes.com

**Jagdish Grewal**
Sales Representative
416 877-6464
or E-mail Jagdish@grewalhomes.com

